ਯੁਵਕ ਭਾਰਤ ਪੁਸਤਕਮਾਲਾ

ਸਰਦਾਰ ਵੱਲਭ ਭਾਈ ਪਟੇਲ

ਧੰਨਵਾਦ

ਇਸ ਪੁਸਤਕ ਵਿਚਲੀਆਂ ਤਸਵੀਰਾਂ ਦੇ ਪ੍ਰਕਾਸ਼ਨ ਵਿਚ ਸਹਿਯੋਗ ਲਈ ਅਸੀਂ ਹੇਠ ਲਿਖੀਆਂ ਸੰਸਥਾਵਾਂ ਦੇ ਧੰਨਵਾਦੀ ਹਾਂ। ਪੂਰੀ ਜਾਣਕਾਰੀ ਦੀ ਅਣਹੋਂਦ ਵਿਚ ਜਿਨ੍ਹਾਂ ਦਾ ਨਾਮ ਨਹੀਂ ਲਿਖਿਆ ਜਾ ਸਕਿਆ ਉਹਨਾਂ ਦੇ ਵੀ ਅਸੀਂ ਧੰਨਵਾਦੀ ਹਾਂ।

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪਰਸਾਰਣ ਮੰਤ੍ਰਾਲਾ, ਭਾਰਤ ਸਰਕਾਰ
ਐਸੋਸੀਏਟਿਡ ਪ੍ਰੈੱਸ ਫ਼ੋਟੋਜ਼, ਦਿੱਲੀ
ਗਾਂਧੀ ਸਮਾਰਕ ਸੰਗ੍ਰਹਿਆਲਾ, ਦਿੱਲੀ
ਨਵਜੀਵਨ ਟਰੱਸਟ, ਅਹਿਮਦਾਬਾਦ
ਨਹਿਰੂ ਸਮਾਰਕ ਸੰਗਹਿਆਲਾ ਤੇ ਪੁਸਤਕਾਲਾ, ਨਵੀਂ ਦਿੱਲੀ
ਪੰਜਾਬ ਫੋਟੋ ਸਰਵਿਸ, ਨਵੀਂ ਦਿੱਲੀ
ਪ੍ਰੈੱਸ ਇਨਫਰਮੇਸ਼ਨ ਬਿਊਰੋ
ਪੀ. ਐਨ. ਵਰਮਾ ਐਂਡ ਕੰਪਨੀ, ਇਲਾਹਾਬਾਦ
ਸਰਵੋਦੈ ਦਿਵਸ ਸਮਿਤੀ
ਸੂਚਨਾ ਨਿਰਦੇਸ਼ਾਲਾ, ਗੁਜਰਾਤ ਸਰਕਾਰ

ਸਰਦਾਰ ਵੱਲਭ ਭਾਈ ਪਟੇਲ

ਵਿਸ਼ਣੂ ਪ੍ਰਭਾਕਰ

ਅਨੁਵਾਦ

ਨਵਯੁਗ ਵਡਾਲੀਆ

ਨੈਸ਼ਨਲ ਬੁਕ ਟਰਸਟ, ਇੰਡੀਆ, ਨਵੀਂ ਦਿੱਲੀ

1977 (ਸ਼ੱਕ ਸੰਮਤ 1899)
1988 (ਸ਼ੱਕ ਸੰਮਤ 1910)

Sardar Vallabh Bhai Patel (Punjabi)

ਮੁੱਲ 11.00

Published by the Director, National Book Trust, India, A-5, Green Park, New Delhi-110016 and printed at Qutab Offset Press, Mehrauli, New Delhi-110030

ਕੁਝ ਪੁਸਤਕ ਬਾਰੇ

ਸਰਦਾਰ ਵੱਲਭ ਭਾਈ ਪਟੇਲ ਦੇ ਵਿਸ਼ਾਲ ਕ੍ਰਿਆਸ਼ੀਲ ਜੀਵਨ ਨੂੰ ਇਨ੍ਹਾਂ ਥੋੜ੍ਹੇ ਜਿਹੇ ਪੰਨਿਆਂ ਵਿਚ ਸੀਮਤ ਕਰ ਦੇਣਾ ਬੜਾ ਮੁਸ਼ਕਲ ਕੰਮ ਸੀ। ਕੁੱਜੇ ਵਿਚ ਸਮੁੰਦਰ ਬੰਦ ਕਰਨਾ ਸੀ। ਕੀ ਛੱਡੀਏ, ਕੀ ਲਈਏ। ਫੇਰ ਵੀ ਇਨ੍ਹਾਂ ਪੁਸਤਕਾਂ ਅਤੇ ਫੁਟਕਲ ਲੇਖਾਂ ਦੀ ਮਦਦ ਨਾਲ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ :

1. ਸਰਦਾਰ ਵੱਲਭ ਭਾਈ—ਦੋ ਹਿਸੇ—ਨਰਹਰਿ ਪਾਰਿਖ
2. ਹਿੰਦ ਕੇ ਸਰਦਾਰ—ਰਾਉਜੀਭਾਈ ਪਟੇਲ
3. ਸਰਦਾਰ ਵੱਲਭ ਭਾਈ ਪਟੇਲ—ਈਸ਼ਵਰਭਾਈ ਪਟੇਲ਼
4. ਮਹਾਦੇਵਭਾਈ ਦੀ ਡਾਇਰੀ

ਅਤੇ ਸਰਵ ਸ੍ਰੀ ਪ੍ਰਕਾਸ਼ਵੀਰ ਸ਼ਾਸਤ੍ਰੀ, ਵੀ. ਸ਼ੰਕਰ ਅਤੇ ਸਾਬਕ ਰਾਸ਼ਟਰਪਤੀ ਵਰਾਹਗਿਰੀ ਵੈਂਕਟ ਗਿਰੀ ਦੇ ਫੁਟਕਲ ਲੇਖ।

ਲੇਖਕ ਇਨ੍ਹਾਂ ਸਭ ਦਾ ਧੰਨਵਾਦੀ ਹੈ।

—ਵਿਸ਼ਣੂੰ ਪ੍ਰਭਾਕਰ

ਤਤਕਰਾ

ਹੋਣਹਾਰ ਬਿਰਵਾਨ

ਪਹਿਲਾ ਦ੍ਰਿਸ਼

ਅਧਿਆਪਕ ਪਰੇਸ਼ਾਨ ਹੈ। ਬੀਜ ਗਣਿਤ ਦਾ ਇਕ ਸੁਆਲ ਹੱਲ ਨਹੀਂ ਹੋ ਰਿਹਾ। ਉਦੋਂ ਹੀ ਜਮਾਤ ਦਾ ਇਕ ਮੁੰਡਾ ਉੱਠਦਾ ਹੈ ਅਤੇ ਕਹਿੰਦਾ ਹੈ, ''ਤੁਸੀਂ ਇਹ ਸੁਆਲ ਹੱਲ ਨਹੀਂ ਕਰ ਸਕਦੇ।''

ਅਧਿਆਪਕ ਸੁਣਦਾ ਹੈ ਅਤੇ ਖਿੱਝ ਜਾਂਦਾ ਹੈ, ''ਤਾਂ ਤੂੰ ਕਰ ਦੇ ਨਾ? ਤੂੰ ਅਧਿਆਪਕ ਬਣ ਜਾ।''

ਮੁੰਡਾ ਬਿਲਕੁਲ ਨਹੀਂ ਝਿਜਕਦਾ। ਉੱਠਦਾ ਹੈ। ਸੁਆਲ ਹੱਲ ਕਰਦਾ ਹੈ ਅਤੇ ਅਧਿਆਪਕ ਦੀ ਕੁਰਸੀ ਤੇ ਬੈਠ ਜਾਂਦਾ ਹੈ।

ਹਾਇ ਰੱਬਾ! ਏਹੋ ਜਿਹੀ ਗੁਸਤਾਖ਼ੀ! ਅਧਿਆਪਕ ਕ੍ਰੋਧ ਨਾਲ ਕੰਬਦੇ ਹਨ। ਸ਼ਿਕਾਇਤ ਲੈ ਕੇ ਮੁੱਖ-ਅਧਿਆਪਕ ਕੋਲ ਜਾਂਦੇ ਹਨ। ਮੁੱਖ-ਅਧਿਆਪਕ ਮੁੰਡੇ ਨੂੰ ਬੁਲਾ ਕੇ ਪੁੱਛਦੇ ਹਨ, ''ਤੂੰ ਅਜਿਹਾ ਕਿਉਂ ਕੀਤਾ?''

ਮੁੰਡਾ ਸਹਿਜ ਸੁਭਾਅ ਜੁਆਬ ਦਿੰਦਾ ਹੈ, ''ਕਿਉਂਕਿ ਉਨ੍ਹਾਂ ਨੇ ਕਿਹਾ ਸੀ।''

ਮੁੱਖ ਅਧਿਆਪਕ ਸਭ ਕੁਝ ਸਮਝ ਜਾਂਦੇ ਹਨ। ਫੇਰ ਵੀ ਕਹਿੰਦੇ ਹਨ, ''ਨਾ, ਨਾ, ਤੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਮੁੜ ਕਰੇਂਗਾ ਤਾਂ ਸਕੂਲੋਂ ਕੱਢ ਦਿਤਾ ਜਾਏਗਾ।''

ਮੁੰਡਾ ਇਕ ਵਾਰ ਮੁੱਖ ਅਧਿਆਪਕ ਵਲ ਵੇਖਦਾ ਹੈ, ਕਹਿੰਦਾ ਹੈ, ''ਕੱਢਣ ਦੀ ਜ਼ਰੂਰਤ ਹੀ ਨਹੀਂ ਪਏਗੀ। ਇਹੋ ਜਿਹੇ ਸਕੂਲ ਤੋਂ ਮੈਂ ਹੁਣੇ ਚਲਿਆ ਜਾਂਦਾ ਹਾਂ।''

ਦੂਜਾ ਦ੍ਰਿਸ਼

ਵਿਦਿਆਰਥੀਆਂ ਦੀ ਇਕ ਟੋਲੀ ਪੜ੍ਹਨ ਲਈ ਆਪਣੇ ਪਿੰਡੋਂ **6-7** ਮੀਲ ਦੂਰ ਦੇ ਦੂਜੇ ਪਿੰਡ ਜਾ ਰਹੀ ਸੀ। ਰੋਜ਼ ਜਾਂਦੀ ਸੀ ਇਹ ਟੋਲੀ। ਉਸ ਦਿਨ ਜਾਂਦੇ-ਜਾਂਦੇ ਅਚਾਨਕ ਸਾਰਿਆਂ ਨੂੰ ਲੱਗਿਆ ਕਿ ਇਕ ਵਿਦਿਆਰਥੀ ਘਟ ਹੈ।

ਭਾਲਣ ਤੇ ਪਤਾ ਲੱਗਿਆ ਕਿ ਉਹ ਪਿੱਛੇ ਰਹਿ ਗਿਆ ਹੈ। ਬੁਲਾਇਆ, "ਤੂੰ ਉੱਥੇ ਕੀ ਕਰ ਰਿਹਾ ਹੈਂ ?"

ਉਸ ਵਿਦਿਆਰਥੀ ਨੇ ਉੱਥੋਂ ਹੀ ਜੁਆਬ ਦਿਤਾ, "ਠਹਿਰੋ, ਹੁਣੇ ਆਉਂਦਾ ਹਾਂ।"

ਇਹ ਕਹਿ ਕੇ ਉਸ ਨੇ ਜ਼ਮੀਨ ਵਿਚ ਗੱਡੇ ਇਕ ਕਿੱਲੇ ਨੂੰ ਫੜਿਆ, ਜ਼ੋਰ ਨਾਲ ਹਿਲਾਇਆ, ਪੁੱਟਿਆ ਅਤੇ ਇਕ ਪਾਸੇ ਸੁੱਟ ਦਿਤਾ। ਮੁੜ ਟੋਲੀ ਵਿਚ ਆ ਰਲਿਆ। ਇਕ ਸਾਥੀ ਨੇ ਪੁੱਛਿਆ, "ਤੂੰ ਇਸ ਕਿੱਲੇ ਨੂੰ ਕਿਉਂ ਪੁੱਟ ਦਿਤਾ। ਇਹ ਤਾਂ ਕਿਸੇ ਨੇ ਖੇਤ ਦੀ ਹੱਦ ਮਿੱਥਣ ਲਈ ਗੱਡਿਆ ਸੀ।"

ਉਸ ਵਿਦਿਆਰਥੀ ਨੇ ਕਿਹਾ, "ਪਰ ਉਹ ਰਸਤੇ ਵਿਚ ਗੱਡਿਆ ਹੋਇਆ ਸੀ। ਲੰਘਣ ਵਿਚ ਰੁਕਾਵਟ ਪਾਉਂਦਾ ਸੀ। ਜਿਹੜਾ ਰਸਤੇ ਦੀ ਰੁਕਾਵਟ ਬਣੇ ਉਸ ਕਿੱਲੇ ਨੂੰ ਪੁੱਟ ਦੇਣਾ ਹੀ ਚੰਗਾ।"

ਤੀਜਾ ਦ੍ਰਿਸ਼

ਇਕ ਦਿਨ ਅਧਿਆਪਕ ਸਾਹਿਬ ਜਮਾਤ ਵਿਚ ਪੜ੍ਹਾਉਣ ਨਹੀਂ ਆਏ। ਦਫ਼ਤਰ ਵਿਚ ਬੈਠੇ ਗੱਪਾਂ ਮਾਰਦੇ ਰਹੇ। ਵਿਦਿਆਰਥੀਆਂ ਨੇ ਕੁਝ ਦੇਰ ਤਾਂ ਉਡੀਕਿਆ ਫਿਰ ਉਹਨਾਂ ਨੇ ਗਾਉਣਾ ਸ਼ੁਰੂ ਕਰ ਦਿਤਾ। ਆਵਾਜ਼ ਦਫ਼ਤਰ ਤਕ ਪਹੁੰਚ ਗਈ। ਅਧਿਆਪਕ ਭੱਜ-ਭੱਜੇ ਆਏ ਅਤੇ ਲੱਗੇ ਵਿਦਿਆਰਥੀਆਂ ਨੂੰ ਝਿੜਕਣ।

ਪਰ ਉਸੇ ਵਿਸ਼ੇਸ਼ ਮੁੰਡੇ ਨੂੰ ਇਹ ਚੰਗਾ ਨਾ ਲੱਗਿਆ। ਕਹਿਣ ਲੱਗਾ, "ਤੁਸੀਂ ਸਾਨੂੰ ਕਿਉਂ ਝਿੜਕ ਰਹੇ ਹੋ ? ਤੁਸੀਂ ਆਪ ਤਾਂ ਜਮਾਤ ਵਿਚ ਆਏ ਨਹੀਂ। ਗੱਪਾਂ ਮਾਰਦੇ ਰਹੇ। ਫੇਰ ਅਸੀਂ ਕੀ ਕਰਦੇ ? ਗਾਉਂਦੇ ਨਾ ਤਾਂ, ਕੀ ਰੋਂਦੇ ?"

ਅਧਿਆਪਕ ਇਹ ਸੁਣ ਕੇ ਹੋਰ ਵੀ ਭੜਕ ਉੱਠੇ। ਉਹਨਾਂ ਨੇ ਝਟਪਟ ਉਸ ਮੁੰਡੇ ਨੂੰ ਜਮਾਤ 'ਚੋਂ ਨਿਕਲ ਜਾਣ ਦਾ ਹੁਕਮ ਦਿਤਾ। ਮੁੰਡਾ ਉਠਿਆ, ਕਿਤਾਬਾਂ ਚੁੱਕੀਆਂ, ਆਪਣੇ ਸਾਥੀਆਂ ਵਲ ਵੇਖਿਆ ਅਤੇ ਬਾਹਰ ਚਲਿਆ ਗਿਆ। ਦੂਜੇ ਹੀ ਪਲ ਅਧਿਆਪਕ ਨੇ ਹੈਰਾਨੀ ਨਾਲ ਵੇਖਿਆ ਕਿ ਜਮਾਤ ਦੇ ਸਾਰੇ ਵਿਦਿਆਰਥੀ ਬਾਹਰ ਚਲੇ ਗਏ ਹਨ।

ਅਗਲੇ ਦਿਨ ਵੀ ਉਹ ਅੰਦਰ ਨਾ ਆਏ। ਅਧਿਆਪਕ ਬੇਚੈਨ ਸਨ। ਉਹ ਮੁੱਖ-ਅਧਿਆਪਕ ਦੇ ਕੋਲ ਪਹੁੰਚੇ। ਉਹਨਾਂ ਨੇ ਵਿਦਿਆਰਥੀਆਂ ਨੂੰ ਬੁਲਾ ਕੇ ਕਿਹਾ, "ਆਪਣੇ ਅਧਿਆਪਕ ਕੋਲੋਂ ਮੁਆਫ਼ੀ ਮੰਗੋ।"

ਉਸ ਮੁੰਡੇ ਨੇ ਜੁਆਬ ਦਿਤਾ, ਸਾਹਿਬ, ਇਹ ਤਾਂ ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਵਾਲੀ ਗੱਲ ਹੋਈ। ਸਾਡਾ ਇਸ ਵਿਚ ਕੋਈ ਕਸੂਰ ਨਹੀਂ। ਕਸੂਰ ਤਾਂ ਮਾਸਟਰ ਜੀ ਦਾ ਹੈ। ਜੇ ਕਿਸੇ ਨੇ ਮੁਆਫ਼ੀ ਮੰਗਣੀ ਹੀ ਹੈ ਤਾਂ ਮਾਸਟਰ ਜੀ ਮੰਗਣ।''

ਮੁੱਖ-ਅਧਿਆਪਕ ਹੈਰਾਨ ਰਹਿ ਗਏ, ਪਰ ਸਨ ਸਮਝਦਾਰ। ਉਹਨਾਂ ਨੇ ਵਿਦਿਆਰਥੀਆਂ ਨੂੰ ਜਮਾਤ ਵਿਚ ਜਾਣ ਵਾਸਤੇ ਕਿਹਾ। ਵਿਦਿਆਰਥੀ ਜਿੱਤ ਦੇ ਅਹਿਸਾਸ ਨਾਲ ਮੁਸਕਰਾਉਂਦੇ ਹੋਏ ਜਮਾਤ ਵਿਚ ਜਾ ਬੈਠੇ।

ਚੌਥਾ ਦ੍ਰਿਸ਼

ਇਕ ਵਾਰ ਉਸ ਮੁੰਡੇ ਦੀ ਕੱਛ ਵਿਚ ਇਕ ਜ਼ਹਿਰੀਲਾ ਫੋੜਾ ਨਿਕਲ ਆਇਆ। ਉਦੋਂ ਪਿੰਡਾਂ ਵਿਚ ਚੀਰ-ਫਾੜ ਕਰਨਾ ਕੋਈ ਨਹੀਂ ਸੀ ਜਾਣਦਾ। ਬਸ ਉਹਨੂੰ ਗਰਮ ਲੋਹੇ ਨਾਲ ਦਾਗ ਦਿਤਾ ਜਾਂਦਾ ਸੀ। ਉਹ ਮੁੰਡਾ ਵੀ ਆਪਣਾ ਫੋੜਾ ਦਗਵਾਉਣ ਲਈ ਨਾਈ ਦੇ ਕੋਲ ਗਿਆ। ਨਾਈ ਨੇ ਲੋਹੇ ਦੀ ਸੀਖ ਸੇਕਣ ਲਈ ਅੱਗ ਵਿਚ ਰਖੀ। ਉਹ ਮੁੰਡਾ ਉਹਨੂੰ ਲਾਲ ਹੁੰਦੇ ਵੇਖਦਾ ਰਿਹਾ। ਜ਼ਰਾ ਵੀ ਨਹੀਂ ਘਬਰਾਇਆ, ਪਰੰਤੂ ਨਾਈ ਝਿਜਕ ਗਿਆ। ਉਹ ਲਾਲ ਸੁਰਖ ਸੀਖ ਉਸ ਮੁੰਡੇ ਦੇ ਫੋੜੇ ਵਿਚ ਕਿਵੇਂ ਵਾੜੇ! ਉਸੇ ਵਕਤ ਉਹ ਮੁੰਡਾ ਜੋਸ਼ ਵਿਚ ਕਹਿੰਦਾ ਹੈ, ''ਦੇਰ ਕਿਉਂ ਕਰਦੇ ਹੋ? ਸੀਖ਼ ਠੰਡੀ ਹੋ ਰਹੀ ਹੈ।''

ਨਾਈ ਹੌਸਲਾ ਕਰਦਾ ਹੈ ਪਰੰਤੂ, ਇਕ ਵਾਰੀ ਵਿਚ ਸਾਰੀ ਪੀਕ ਨਹੀਂ ਨਿਕਲ ਸਕੀ। ਨਾਈ ਮੁੜ ਘੁਮਾਉਣ ਤੋਂ ਡਰਦਾ ਹੈ। ਮੁੰਡਾ ਉਸੇ ਦ੍ਰਿੜ੍ਹਤਾ ਨਾਲ ਕਹਿੰਦਾ, ''ਤੈਥੋਂ ਨਹੀਂ ਹੁੰਦਾ ਤਾਂ ਮੈਨੂੰ ਦੇਹ।''

ਅਤੇ ਉਹ ਮੱਘਦੀ ਸੀਖ਼ ਆਪਣੇ ਹੱਥ ਵਿਚ ਲੈ ਲੈਂਦਾ ਹੈ। ਫੋੜੇ ਵਿਚ ਚਾਰੇ ਪਾਸੇ ਘੁਮਾਉਂਦਾ ਹੈ। ਸਾਰੀ ਪੀਕ ਬਾਹਰ ਆ ਜਾਂਦੀ ਹੈ।

ਪੰਜਵਾਂ ਦ੍ਰਿਸ਼

ਉਹੀ ਮੁੰਡਾ ਇਕ ਦਿਨ ਵਕੀਲ ਬਣ ਗਿਆ। ਵਕੀਲ ਸਾਹਿਬ ਦੇ ਹੱਥ ਵਿਚ ਇਕ ਕਤਲ ਦਾ ਸੰਜੀਦਾ ਮਾਮਲਾ ਸੀ। ਥੋੜ੍ਹੀ ਜਿਹੀ ਅਣਗਹਿਲੀ ਹੋਈ ਕਿ ਮੁਲਜ਼ਮ ਫਾਂਸੀ ਤੇ। ਇਸੇ ਲਈ ਉਹ ਇਕਸੁਰ ਹੋ ਕੇ ਬਹਿਸ ਕਰ ਰਹੇ ਸਨ। ਉਦੋਂ ਹੀ

ਵਿਰਾਸਤ

ਅਜਿਹੇ ਸਰਦਾਰ ਦਾ ਜਨਮ ਵੀ ਉਸੇ ਧਰਤੀ ਵਿਚ ਹੋਇਆ ਸੀ ਜਿਹੜੀ ਗੀਤਾ ਦੇ ਗੀਤਕਾਰ ਵਾਸਦੇਵ ਕ੍ਰਿਸ਼ਨ ਦੀ ਕਰਮ-ਭੂਮੀ ਸੀ ਅਤੇ ਜਿਸ ਨੇ ਮਹਾਂ-ਰਿਖੀ ਸੁਆਮੀ ਦਯਾਨੰਦ ਸਰਸਵਤੀ, ਰਾਸ਼ਟਰ-ਪਿਤਾ ਮਹਾਤਮਾ ਮੋਹਨ ਦਾਸ ਕਰਮ ਚੰਦ ਗਾਂਧੀ, ਪ੍ਰਧਾਨ ਵਿੱਠਲ ਭਾਈ ਪਟੇਲ ਵਰਗੀਆਂ ਸ਼ਖਸੀਅਤਾਂ ਨੂੰ ਜਨਮ ਦਿਤਾ ਸੀ।

ਉਸੇ ਵਿਚ ਇਕ ਪਿੰਡ ਹੈ ਕਰਮਸਦ। ਇਸ ਪਿੰਡ ਵਿਚ ਜ਼ਿਆਦਾਤਰ ਪੱਟੀਦਾਰ ਵਸਦੇ ਹਨ। ਇਹਨਾਂ ਪੱਟੀਦਾਰਾਂ ਦੇ ਇਕ ਟੱਬਰ ਵਿਚ ਵੱਲਭ ਭਾਈ ਪੈਦਾ ਹੋਏ। ਉਨ੍ਹਾਂ ਦੇ ਪਿਤਾ ਦਾ ਨਾਂ ਸੀ ਝਵੇਰ ਭਾਈ ਪਟੇਲ। ਉਹ ਸੁਆਮੀ ਨਾਰਾਇਣ ਮੱਤ ਦੇ ਸਮਰਥਕ ਸਨ। ਖੇਤੀ ਵੀ ਕਰਦੇ ਸਨ ਅਤੇ ਭਗਤੀ ਵੀ। ਜਿੰਨੀ ਭਗਤੀ ਪ੍ਰਮਾਤਮਾ ਦੇ ਪ੍ਰਤੀ ਸੀ ਓਨੀ ਹੀ ਦੇਸ਼ ਦੇ ਪ੍ਰਤੀ ਵੀ ਸੀ।

ਸੰਨ 1857 ਵਿਚ ਜਦੋਂ ਪਹਿਲੀ ਵਾਰ, ਇਕ-ਮੁੱਠ ਹੋ ਕੇ ਭਾਰਤ ਵਿਚ ਬਦੇਸ਼ੀ ਹਕੂਮਤ ਦੇ ਵਿਰੁੱਧ ਬਗ਼ਾਵਤ ਹੋਈ ਤਾਂ ਕਹਿੰਦੇ ਨੇ ਝਵੇਰ ਭਾਈ ਨੇ ਵੀ ਇਸ ਵਿਚ ਹਿੱਸਾ ਲਿਆ ਸੀ। ਬਾਗ਼ੀਆਂ ਦੀ ਮੱਦਦ ਕਰਨ ਲਈ ਉਹ ਆਪਣਾ ਪਿੰਡ ਛੱਡ ਕੇ ਚਲੇ ਗਏ ਸਨ ਅਤੇ ਆਪਣਾ ਹਿੱਸਾ ਪਾਉਂਦੇ-ਪਾਉਂਦੇ ਇੰਦੌਰ ਵਿਚ ਗ੍ਰਿਫ਼ਤਾਰ ਹੋ ਗਏ ਸਨ। ਉਥੇ ਹੀ ਉਨ੍ਹਾਂ ਨੂੰ ਰਖਿਆ ਵੀ ਗਿਆ ਸੀ। ਇੰਦੌਰ ਦੇ ਰਾਜੇ ਨੇ ਬਗ਼ਾਵਤ ਵਿਚ ਹਿੱਸਾ ਨਹੀਂ ਲਿਆ ਸੀ, ਪਰੰਤੂ ਫੇਰ ਵੀ ਬਾਗ਼ੀਆਂ ਦੇ ਲਈ ਉਹਦੇ ਮਨ ਵਿਚ ਬੜੀ ਹਮਦਰਦੀ ਸੀ। ਝਵੇਰ ਭਾਈ ਤੇ ਵੀ ਉਨ੍ਹਾਂ ਨੇ ਕੋਈ ਸਖਤੀ ਨਹੀਂ ਕੀਤੀ।

ਇਹ ਇੰਦੌਰ ਦਾ ਰਾਜਾ ਸ਼ਤਰੰਜ ਦਾ ਬੜਾ ਚੰਗਾ ਖਿਡਾਰੀ ਸੀ। ਇਕ ਦਿਨ ਉਹ ਆਪਣੇ ਕਿਸੇ ਦਰਬਾਰੀ ਨਾਲ ਖੇਡ ਰਹੇ ਸਨ। ਸੰਜੋਗ ਦੀ ਗੱਲ! ਉਸ ਦਿਨ ਉਨ੍ਹਾਂ ਦੀ ਖੇਡ ਜੰਮ ਨਹੀਂ ਰਹੀ ਸੀ। ਉਹ ਗ਼ਲਤੀ ਤੇ ਗ਼ਲਤੀ ਕਰ ਰਹੇ ਸਨ। ਅਤੇ ਇਹ ਵੀ ਸੰਜੋਗ ਹੀ ਸੀ ਕਿ ਕੁਝ ਦੂਰੀ ਤੇ ਖੜੇ ਕੈਦੀ ਝਵੇਰ ਭਾਈ ਉਸ ਖੇਡ ਨੂੰ ਦੇਖ ਰਹੇ ਸਨ। ਅਚਾਨਕ ਉਨ੍ਹਾਂ ਨੇ ਦੇਖਿਆ ਕਿ ਮਹਾਰਾਜ ਗ਼ਲਤ ਚਾਲ ਚੱਲਣ ਵਾਲੇ ਹਨ। ਉਨ੍ਹਾਂ ਤੋਂ ਰਿਹਾ ਨਾ ਗਿਆ। ਬੜੇ ਆਦਰ ਨਾਲ ਉਹ ਬੋਲੇ, "ਰਾਜਾ

ਸਾਹਿਬ, ਮੋਹਰ ਨੂੰ ਉੱਥੇ ਨਹੀਂ ਸਗੋਂ ਫਲਾਣੇ ਘਰ ਵਿਚ ਰਖੋ।''

ਮਹਾਰਾਜ ਹੈਰਾਨ ਹੋਏ। ਸੱਚ-ਮੁੱਚ ਉਹ ਜ਼ਬਰਦਸਤ ਗ਼ਲਤੀ ਕਰ ਰਹੇ ਸਨ। ਉਨ੍ਹਾਂ ਨੂੰ ਸਹੀ ਰਸਤਾ ਸੁਝ ਗਿਆ, ਪਰੰਤੂ ਉਨ੍ਹਾਂ ਨੂੰ ਟੋਕਣ ਵਾਲਾ ਹੈ ਕੌਣ ? ਉਨ੍ਹਾਂ ਸਿਰ ਚੁੱਕਿਆ। ਸਾਹਮਣੇ ਕੈਦੀ ਦੇ ਰੂਪ ਵਿਚ ਝਵੇਰ ਭਾਈ ਖੜੇ ਸਨ।

ਉਨ੍ਹਾਂ ਨੇ, ਜਿਵੇਂ ਕਿ ਹੋ ਸਕਦਾ ਸੀ, ਉਸ ਕੈਦੀ ਦੇ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੀ। ਉਹਦੇ ਵਾਸਤੇ ਉਨ੍ਹਾਂ ਦੇ ਮਨ ਵਿਚ ਆਦਰ ਦੀ ਭਾਵਨਾ ਪੈਦਾ ਹੋ ਗਈ ਸੀ। ਜਦੋਂ ਉਨ੍ਹਾਂ ਨੂੰ ਕੈਦੀ ਦੇ ਇਤਿਹਾਸ ਦਾ ਪਤਾ ਲਗ ਗਿਆ ਤਾਂ ਉਨ੍ਹਾਂ ਨੇ ਝਵੇਰ ਭਾਈ ਨੂੰ ਸਨਮਾਨ ਸਹਿਤ ਕੈਦ ਤੋਂ ਮੁਕਤ ਕਰ ਦਿੱਤਾ।

ਤਾਂ ਅਜਿਹੇ ਦੇਸ਼-ਭਗਤ ਅਤੇ ਨਿਡਰ ਪਿਤਾ ਦੇ ਘਰ 31 ਅਕਤੂਬਰ, ਸੰਨ 1857 ਦੇ ਦਿਨ ਵਲਭ ਭਾਈ ਦਾ ਜਨਮ ਹੋਇਆ। ਉਨ੍ਹਾਂ ਦੀ ਮਾਂ ਉਸ ਸਮੇਂ ਪਿਤਾ ਦੇ ਘਰ ਨੜਿਆਦ ਵਿਚ ਸੀ। ਉਨ੍ਹਾਂ ਦੇ ਨਾਨਾ ਦੀ ਮਾਲੀ ਹਾਲਤ ਉਨ੍ਹਾਂ ਦੇ ਪਿਤਾ ਨਾਲੋਂ ਚੰਗੀ ਸੀ। ਉਨ੍ਹਾਂ ਦੀ ਮਾਂ ਲਾਡਬਾਈ ਘਰ ਦੇ ਕੰਮਾਂ ਵਿਚ ਬਹੁਤ ਨਿਪੁੰਨ ਅਤੇ ਸੁਸ਼ੀਲ ਸੁਭਾਅ ਦੀ ਇਸਤ੍ਰੀ ਸੀ। ਗ਼ਰੀਬ ਹੋਣ ਤੇ ਵੀ ਉਹ ਬੱਚਤ ਕਰਨਾ ਜਾਣਦੀ ਸੀ। ਸੇਵਾ ਅਤੇ ਪਿਆਰ ਦੀ ਤਾਂ ਉਹ ਮੂਰਤੀ ਸੀ। ਗਾਂਧੀ ਜੀ ਨੇ ਜਦੋਂ ਚਰਖ਼ਾ ਚਲਾਉਣ ਤੇ ਜ਼ੋਰ ਦਿਤਾ ਤਾਂ ਉਹ ਘਰ ਦੇ ਕੰਮਾਂ ਤੋਂ ਵਿਹਲੇ ਹੁੰਦੇ ਹੀ ਕੱਤਣ ਬਹਿ ਜਾਂਦੀ ਸੀ।

ਉਹ ਝਵੇਰ ਭਾਈ ਦੀ ਦੂਸਰੀ ਪਤਨੀ ਸੀ। ਉਨ੍ਹਾਂ ਦੇ ਘਰ ਪੰਜ ਪੁੱਤਰਾਂ ਅਤੇ ਇਕ ਪੁਤਰੀ ਦਾ ਜਨਮ ਹੋਇਆ ਸੀ। ਇਨ੍ਹਾਂ ਵਿੱਚੋਂ ਤੀਜੇ ਅਤੇ ਚੌਥੇ ਪੁੱਤਰ ਵਿਠਲ ਭਾਈ ਅਤੇ ਵਲਭ ਭਾਈ ਭਾਰਤ ਦੇ ਇਤਿਹਾਸ ਵਿਚ ਅਮਰ ਹੋ ਗਏ ਹਨ।

ਇਸ ਸਰਦਾਰ ਦੇ ਜੀਵਨ ਉੱਤੇ ਉਨ੍ਹਾਂ ਦੇ ਮਾਤਾ-ਪਿਤਾ ਦੇ ਧਰਮੀ, ਸੇਵਾ-ਭਾਵੀ ਅਤੇ ਸੰਜਮੀ ਜੀਵਨ ਦਾ ਬਹੁਤ ਪ੍ਰਭਾਵ ਪਿਆ ਸੀ। ਡਰਨਾ ਤਾਂ ਉਨ੍ਹਾਂ ਨੇ ਸਿਖਿਆ ਹੀ ਨਹੀਂ ਸੀ। ਸਹਿਣ-ਸ਼ੀਲਤਾ ਏਨੀ ਸੀ ਕਿ ਦੇਖਣ ਵਾਲਾ ਦੰਦਾਂ ਹੇਠ ਉਂਗਲੀ ਦਬਾਅ ਲਏ। ਕੱਛ ਦੇ ਫੋੜੇ ਨੂੰ ਉਨ੍ਹਾਂ ਨੇ ਆਪਣੇ ਹੱਥ ਨਾਲ ਕਿਵੇਂ ਮੱਘਦੇ ਹੋਏ ਲੋਹੇ ਨਾਲ ਦਾਗ ਦਿਤਾ ਸੀ ਇਹ ਕਹਾਣੀ ਪੜ੍ਹ ਚੁੱਕੇ ਹੋ। ਅਜਿਹੀ ਇਕ ਘਟਨਾ ਉਦੋਂ ਘਟੀ ਜਦੋਂ ਉਹ ਬੈਰਿਸਟਰ ਬਣਨ ਇੰਗਲੈਂਡ ਗਏ ਸਨ। ਉੱਥੇ ਇਕ ਵਾਰ ਉਨ੍ਹਾਂ ਨੂੰ ਬੁਖ਼ਾਰ ਹੋ ਗਿਆ ਸੀ ਅਤੇ ਉਸੇ ਨਾਲ ਪੈਰ ਵਿਚ ਦਰਦ ਵੀ ਬਹੁਤ ਸੀ। ਡਾਕਟਰ ਨੇ ਦੇਖਕੇ ਦੱਸਿਆ ''ਨਾਸੂਰ ਬਣ ਗਿਆ ਹੈ। ਉਪ੍ਰੇਸ਼ਨ ਕਰਨਾ ਪਏਗਾ।''

ਉਪ੍ਰੇਸ਼ਨ ਕੀਤਾ ਗਿਆ। ਇਕ ਵਾਰ, ਦੋ ਵਾਰ ਪਰੰਤੂ ਆਰਾਮ ਨਹੀਂ ਆਇਆ।

ਸਰਜਨ ਨੇ ਕਿਹਾ, ''ਪੈਰ ਕੱਟਣਾ ਪਏਗਾ ।''

ਵੱਲਭ ਭਾਈ ਲੰਗੜਾ ਬਣਨਾ ਕਿਵੇਂ ਪ੍ਰਵਾਨ ਕਰਦੇ । ਉਹਨਾਂ ਨੇ ਦੂਜੇ ਡਾਕਟਰ ਨੂੰ ਵਿਖਾਇਆ । ਉਹਨੇ ਦੱਸਿਆ, ''ਇਕ ਵਾਰ ਹੋਰ ਉਪ੍ਰੇਸ਼ਨ ਕਰਨਾ ਪਏਗਾ ਅਤੇ ਜੇਕਰ ਬੇਹੋਸ਼ੀ ਦੀ ਦਵਾਈ ਨਾ ਸੁੰਘੋ ਤਾਂ ਰਾਜ਼ੀ ਹੋਣ ਦੀ ਵਧੇਰੇ ਸੰਭਾਵਨਾ ਹੈ ।''

ਵੱਲਭ ਭਾਈ ਕਹਿਣ ਲੱਗੇ, ''ਮੈਨੂੰ ਬੇਹੋਸ਼ੀ ਦੀ ਦਵਾਈ ਸੁੰਘਣ ਦੀ ਜ਼ਰੂਰਤ ਹੀ ਨਹੀਂ । ਮੈਂ ਕਿਹੋ ਜਿਹੀ ਵੀ ਪੀੜ ਹੋਏ, ਸਹਿ ਸਕਦਾ ਹਾਂ ।''

ਅਤੇ ਉਪ੍ਰੇਸ਼ਨ ਪੂਰਾ ਹੋਣ ਤਕ ਉਹਨਾਂ ਨੇ ਇਕ ਵਾਰ ਵੀ ਆਹ ਨਾ ਕੀਤੀ । ਡਾਕਟਰ ਅਤੇ ਉਸਦੇ ਸਾਥੀ ਹੈਰਾਨ ਰਹਿ ਗਏ । ਕਹਿਣ ਲਗੇ, ''ਅਜਿਹਾ ਰੋਗੀ ਸਾਨੂੰ ਅਜ ਤੋਂ ਪ੍ਹਿਲਾਂ ਕਦੇ ਨਹੀਂ ਮਿਲਿਆ ।''

ਕੋਈ ਅੰਤ ਨਹੀਂ ਇਹਨਾਂ ਕਹਾਣੀਆਂ ਦਾ । ਡਰ ਤਾਂ ਜਿਵੇਂ ਉਹਨਾਂ ਨੂੰ ਛੋਹਿਆ ਵੀ ਨਹੀਂ ਸੀ । ਉਦੋਂ ਦੀ ਗੱਲ ਹੈ ਜਦੋਂ ਉਹ ਵਕੀਲ ਬਣ ਚੁੱਕੇ ਸਨ । ਗੋਧਰਾ ਵਿਚ ਇਕ ਵਾਰ ਪਲੇਗ ਫੁੱਟ ਪਈ । ਅਦਾਲਤ ਦੇ ਨਾਜ਼ਿਰ ਦਾ ਮੁੰਡਾ ਉਹਦੀ ਲਪੇਟ ਵਿਚ ਆ ਗਿਆ । ਸਰਦਾਰ ਨੇ ਉਹਦੀ ਦੇਖ-ਭਾਲ ਕਰਨ ਵਿਚ ਕੋਈ ਕਸਰ ਨਾ ਛੱਡੀ, ਪਰ ਉਹ ਉਹਨੂੰ ਬਚਾ ਨਾ ਸਕੇ । ਇਹਦੇ ਉਲਟ ਉਹ ਆਪ ਉਸਦਾ ਸ਼ਿਕਾਰ ਹੋ ਗਏ । ਉਹਨਾਂ ਦੇ ਗੰਢ ਨਿਕਲ ਆਈ । ਪਲੇਗ ਦਾ ਬੁਖਾਰ ਤਦ ਵੱਡੇ ਵੱਡੇ ਸੂਰਮਿਆਂ ਨੂੰ ਹਰਾ ਦਿੰਦਾ ਸੀ ਪਰ ਸਾਡੇ ਸਰਦਾਰ ਉਸੇ ਹਾਲਤ ਵਿਚ ਆਪਣੀ ਪਤਨੀ ਨੂੰ ਲੈ ਕੇ ਆਣੰਦ ਪਹੁੰਚੇ । ਉੱਥੇ ਪਹੁੰਚ ਕੇ ਉਹਨਾਂ ਨੇ ਪਤਨੀ ਨੂੰ ਕਿਹਾ, ''ਤੂੰ ਕਰਮਸਦ ਜਾਹ, ਮੈਂ ਨਡਿਆਦ ਜਾਂਦਾ ਹਾਂ ਉਥੇ ਠੀਕ ਹੋ ਜਾਵਾਂਗਾ ।''

ਪਤੀ ਪਲੇਗ ਨਾਲ ਪੀੜਤ ਹੋਏ ਅਤੇ ਪਤਨੀ ਨੂੰ ਉਸ ਤੋਂ ਵੱਖ ਹੋਣ ਨੂੰ ਕਿਹਾ ਜ਼ਾਏ, ਇਸ ਤੋਂ ਵਧੇਰੇ ਤਰਸਯੋਗ ਹਾਲਤ ਹੋਰ ਕੀ ਹੋ ਸਕਦੀ ਹੈ । ਪਰੰਤੂ ਸਰਦਾਰ ਦੀ ਪਤਨੀ ਨੇ 'ਸਰਦਾਰ ਦੀ ਪਤਨੀ' ਬਣਨਾ ਸੀ । ਉਹਨੂੰ ਜਾਣਾ ਪਿਆ ।

ਵਿਦਿਆ ਲਈ ਵੱਲਭਭਾਈ ਨੂੰ ਕਰਮਸਦ, ਪੇਟਲਾਦ, ਨਡਿਆਦ, ਬੜੋਦਾ ਕੀ ਪਤਾ ਕਿੱਥੇ-ਕਿੱਥੇ ਜਾਣਾ ਪਿਆ । ਪਰ ਜਿਥੇ ਵੀ ਗਏ ਸਰਦਾਰ ਬਣ ਕੇ ਰਹੇ । ਨਡਿਆਦ ਵਿਚ ਉਹਨਾਂ ਦੇ ਨਾਨੇ ਦਾ ਘਰ ਸੀ । ਉਹ ਗੁਜਰਾਤ ਦੇ ਵਿਦਵਾਨਾਂ ਦੀ ਭੂਮੀ ਮੰਨੀ ਜਾਂਦੀ ਹੈ । ਉਥੋਂ ਦੇ ਹਾਈ ਸਕੂਲ ਵਿਚ ਉਹ ਭਰਤੀ ਹੋਏ । ਪਰੰਤੂ ਬੜੋਦਾ ਵਿਚ ਅੰਗਰੇਜ਼ੀ ਦੀ ਵਿਦਿਆ ਹੋਰ ਵੀ ਚੰਗੀ ਮਿਲੇਗੀ ਇਹ ਸੋਚ ਕੇ ਉਹ ਉਥੋਂ ਦੇ ਹਾਈ ਸਕੂਲ ਵਿਚ ਚਲੇ ਗਏ । ਇਥੇ ਗੁਜਰਾਤੀ ਦੇ ਅਧਿਆਪਕ ਸਨ ਸ੍ਰੀ ਛੋਟਾ ਲਾਲ । ਉਹ ਪੜ੍ਹਾਉਂਦੇ ਤਾਂ ਗੁਜਰਾਤੀ ਸਨ ਪਰ ਸੰਸਕ੍ਰਿਤ ਦੇ ਬੜੇ ਪ੍ਰੇਮੀ ਸਨ । ਕੋਈ

ਵਿਦਿਆਰਥੀ ਸੰਸਕ੍ਰਿਤ ਛੱਡ ਕੇ ਗੁਜਰਾਤੀ ਦੀ ਜਮਾਤ ਵਿਚ ਆਉਂਦਾ ਤਾਂ ਉਹ ਬੜੇ ਦੁਖੀ ਹੁੰਦੇ। ਸਾਡੇ ਵੱਲਭਭਾਈ ਨੇ ਇਵੇਂ ਹੀ ਕੀਤਾ। ਉਸ ਸਮੇਂ ਛੋਟਾ ਭਾਈ ਉਹਨਾਂ ਦਾ ਸਵਾਗਤ ਕਰਦੇ ਹੋਏ ਮਜ਼ਾਕ ਵਿਚ ਬੋਲੇ, ''ਪਧਾਰੋ ਮਹਾਂਪੁਰਖ ! ਤੁਸੀਂ ਸੰਸਕ੍ਰਿਤ ਛੱਡ ਕੇ ਗੁਜਰਾਤੀ ਭਾਸ਼ਾ ਤਾਂ ਲਈ ਹੈ ਪਰੰਤੂ ਕੀ ਤੁਸੀਂ ਜਾਣਦੇ ਹੋ ਕਿ ਜਿਸਦੀ ਸੰਸਕ੍ਰਿਤ ਭਾਸ਼ਾ ਚੰਗੀ ਨਹੀਂ ਹੁੰਦੀ ਉਸਦੀ ਗੁਜਰਾਤੀ ਭਾਸ਼ਾ ਵੀ ਚੰਗੀ ਨਹੀਂ ਹੁੰਦੀ।''

ਉਹਨਾਂ ਦੇ ਕਹਿਣ ਦਾ ਢੰਗ ਅਜਿਹਾ ਸੀ ਕਿ ਵੱਲਭਭਾਈ ਨੇ ਇਹ ਨੂੰ ਆਪਣਾ ਅਪਮਾਨ ਸਮਝਿਆ। ਉਹ ਕਹਿਣ ਲਗੇ, ''ਸਾਹਬ, ਜੇਕਰ ਸਭ ਵਿਦਿਆਰਥੀ ਸੰਸਕ੍ਰਿਤ ਭਾਸ਼ਾ ਲੈਣ ਤਾਂ ਤੁਹਾਡੀ ਜਮਾਤ ਵਿਚ ਕੋਈ ਨਹੀਂ ਆਏਗਾ ਤੁਹਾਨੂੰ ਘਰ ਬੈਠਣਾ ਪਏਗਾ।''

ਛੋਟਾ ਲਾਲ ਜੀ ਅਜਿਹੇ ਖਰੇ ਜਵਾਬ ਦੇ ਆਦੀ ਨਹੀਂ ਸਨ। ਉਨ੍ਹਾਂ ਨੇ ਵੱਲਭਭਾਈ ਨੂੰ ਬੈਂਚ ਤੇ ਖੜਾ ਹੋਣ ਦਾ ਹੁਕਮ ਦਿਤਾ ਅਤੇ ਇਕ ਤੋਂ ਦੱਸ ਤਕ ਦੇ ਪਹਾੜੇ ਲਿਖ ਕੇ ਲਿਆਉਣ ਲਈ ਕਿਹਾ।

ਵੱਲਭਭਾਈ ਨੇ ਇਹਨੂੰ ਵੀ ਆਪਣਾ ਅਪਮਾਨ ਸਮਝਿਆ। ਉਹਨਾਂ ਨੇ ਪਹਾੜੇ ਨਹੀਂ ਲਿਖੇ। ਮਾਸਟਰ ਜੀ ਨੇ ਸਜ਼ਾ ਹੋਰ ਵੀ ਵਧਾ ਦਿਤੀ। ਵੱਲਭਭਾਈ ਨੇ ਜ਼ਰਾ ਵੀ ਚਿੰਤਾ ਨਾ ਕੀਤੀ। ਹੁਣ ਤਾਂ ਦੋਵਾਂ ਨੇ ਹੱਠ ਫੜ ਲਿਆ। ਸਜ਼ਾ ਵਧਦੇ-ਵਧਦੇ ਦੋ ਸੋ ਪਹਾੜੇ ਲਿਖਣ ਤਕ ਪਹੁੰਚ ਗਈ। ਅਗਲੇ ਦਿਨ ਮਾਸਟਰ ਜੀ ਨੇ ਪੁੱਛਿਆ, ''ਕਿਉਂ ਜਨਾਬ, ਤੁਸੀਂ ਦੋ ਸੋ ਪਾੜੇ[1] ਲਿਖਕੇ ਲਿਆਏ ਕਿ ਨਹੀਂ ?''

ਵੱਲਭਭਾਈ ਨੇ ਜਵਾਬ ਦਿਤਾ, ''ਸਾਹਬ ਦੋ ਸੋ ਪਾੜੇ ਲਿਆਇਆ ਤਾਂ ਸੀ ਪਰੰਤੂ ਉਹਨਾਂ ਵਿਚੋਂ ਦੋ ਸ਼ਰਾਰਤੀ ਸਨ। ਇਥੇ ਪਹੁੰਚਦੇ ਹੀ ਉਹ ਤੂਫ਼ਾਨ ਮਚਾਉਣ ਲੱਗੇ। ਉਹ ਤਾਂ ਭੱਜੇ ਹੀ, ਦੂਜਿਆਂ ਨੂੰ ਵੀ ਭਜਾ ਕੇ ਲੈ ਗਏ। ਇਕ ਵੀ ਨਾ ਬਚਿਆ।''

ਬੜਾ ਅਨੋਖਾ ਮਜ਼ਾਕ ਸੀ ਪਰ ਮਾਸਟਰ ਸਾਹਬ ਦੇ ਕੋਲ ਇਹ ਨੂੰ ਸਹਿਣ ਵਾਲਾ ਦਿਲ ਨਹੀਂ ਸੀ। ਗੁੱਸੇ ਹੋ ਕੇ ਬੋਲੇ, ''ਜੇਕਰ ਤੂੰ ਕੱਲ੍ਹ ਪਹਾੜੇ ਲਿਖ ਕੇ ਨਾ ਲਿਆਇਆ ਤਾਂ ਤੇਰੇ ਖ਼ਿਲਾਫ਼ ਉਚਿਤ ਕਾਰਵਾਈ ਕੀਤੀ ਜਾਏਗੀ।''

ਦੂਜੇ ਦਿਨ ਵੱਲਭਭਾਈ ਨੇ ਕੀ ਕੀਤਾ। ਇਕ ਪਰਚੇ ਤੇ ਲਿਖਿਆ, ''ਦੋ ਸੋ ਪਹਾੜੇ'' ਅਤੇ ਉਹ ਪਰਚਾ ਮਾਸਟਰ ਜੀ ਨੂੰ ਦੇ ਦਿਤਾ।

ਜਾਣਦੇ ਹੋ ਫੇਰ ਕੀ ਹੋਇਆ ? ਉਹਨਾਂ ਨੂੰ ਦੋਸ਼ੀ ਵਿਦਿਆਰਥੀ ਦੇ ਰੂਪ ਵਿਚ

1, ਗੁਜਰਾਤੀ ਵਿਚ 'ਪਾੜਾ' ਸ਼ਬਦ ਦੇ ਦੋ ਅਰਥ ਹੁੰਦੇ ਹਨ (1) ਪਹਾੜੇ (2) ਮੱਝ ਦੇ ਕੱਟੇ।

ਹੈੱਡ-ਮਾਸਟਰ ਸਾਹਬ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਸਮੇਂ ਆਪਣੇ ਬਚਾਅ ਦੇ ਰੂਪ ਵਿਚ ਵੱਲਭਭਾਈ ਨੇ ਜੋ ਕੁਝ ਕਿਹਾ ਉਹ ਉਹਨਾਂ ਦੇ ਆਚਰਣ ਦੇ ਬਿਲਕੁਲ ਅਨੁਸਾਰ ਸੀ। ਉਹ ਕਹਿਣ ਲੱਗੇ, ''ਸਾਹਬ! ਮਾਸਟਰ ਜੀ ਨੇ ਮੇਰੇ ਚੁੱਭਵੇਂ ਜਵਾਬ ਦੇ ਕਾਰਨ ਮੈਨੂੰ ਬੈਂਚ ਤੇ ਖੜਾ ਹੋਣ ਦੀ ਸਜ਼ਾ ਦਿਤੀ ਉਹ ਮੈਂ ਮੰਨ ਲਈ ਪਰੰਤੂ ਮਗਰੋਂ ਪਹਾੜੇ ਲਿਖਣ ਲਈ ਕਿਹਾ। ਉਹ ਅਨਿਆਂ ਸੀ। ਮੈਂ ਛੇਵੇਂ ਦਰਜੇ ਦਾ ਵਿਦਿਆਰਥੀ ਹਾਂ। ਮੈਨੂੰ ਛੋਟੇ ਦਰਜੇ ਵਿਚ ਪੜ੍ਹਨ ਵਾਲੇ ਛੇ-ਸੱਤ ਵਰ੍ਹੇ ਦੇ ਬੱਚਿਆਂ ਨੂੰ ਦਿਤੀ ਜਾਣ ਵਾਲੀ ਸਜ਼ਾ ਦਿਤੀ ਜਾਏ—ਪਹਾੜੇ ਲਿਖਣ ਨੂੰ ਕਿਹਾ ਜਾਏ, ਇਹ ਮੇਰਾ ਅਪਮਾਨ ਹੈ। ਮੇਰੀ ਪੁਸਤਕ ਵਿਚੋਂ ਕੁਝ ਲਿਖਣ ਲਈ ਕਿਹਾ ਜਾਂਦਾ ਤਾਂ ਮੇਰਾ ਕੁਝ ਲਾਭ ਵੀ ਹੁੰਦਾ। ਇਸ ਲਈ ਮੈਂ ਉਹਨਾਂ ਦੀ ਗੱਲ ਨਹੀਂ ਮੰਨੀ। ਇਹਦਾ ਜੋ ਵੀ ਨਤੀਜਾ ਹੁੰਦਾ ਹੋਏ ਮੈਂ ਭੁਗਤਣ ਲਈ ਤਿਆਰ ਹਾਂ।''

ਸਭ ਕੁਝ ਸਮਝ ਕੇ ਹੈੱਡ-ਮਾਸਟਰ ਨੇ ਫੈਸਲਾ ਦਿਤਾ ਕਿ ਵਿਦਿਆਰਥੀ ਨਿਰਦੋਸ਼ ਹੈ।

ਇਸ ਪ੍ਰਕਾਰ ਸੱਤਿਆਗ੍ਰਹਿ ਦਾ ਪਹਿਲਾ ਪਾਠ ਉਹਨਾਂ ਨੇ ਆਪਣੇ ਵਿਦਿਆਰਥੀ ਜੀਵਨ ਵਿਚ ਹੀ ਪੜ੍ਹਿਆ ਸੀ। ਮੈਟ੍ਰਿਕ ਪਾਸ ਕਰਨ ਮਗਰੋਂ ਉਹ ਡਿਸਟ੍ਰਿਕਟ ਪਲੀਡਰ ਦੇ ਇਮਤਿਹਾਨ ਦੀ ਤਿਆਰੀ ਕਰਨ ਲਗੇ। ਗਰੀਬੀ ਦੇ ਕਾਰਨ ਨਵੀਆਂ ਪੁਸਤਕਾਂ ਨਹੀਂ ਖ਼ਰੀਦ ਸਕਦੇ ਸਨ। ਪੁਰਾਣੀਆਂ ਪੁਸਤਕਾਂ ਉਧਾਰ ਲੈ ਆਉਂਦੇ ਸਨ। ਫੇਰ ਵੀ ਉਹ ਪਹਿਲੀ ਵਾਰ ਵਿਚ ਹੀ ਪਾਸ ਹੋ ਗਏ। ਉਹ ਸਨ ਢੰਗੀ। ਵਲਾਇਤ ਜਾ ਕੇ ਬੈਰਿਸਟਰ ਬਣਨਾ ਚਾਹੁੰਦੇ ਸਨ, ਪਰ ਏਨਾ ਪੈਸਾ ਕਿਥੋਂ ਲਿਆਉਂਦੇ। ਇਸ ਲਈ ਉਹਨਾਂ ਨੇ ਫ਼ੈਸਲਾ ਕੀਤਾ ਕਿ ਪਹਿਲਾਂ ਉਹ ਵਕਾਲਤ ਕਰਨਗੇ ਅਤੇ ਧਨ ਇਕੱਠਾ ਕਰਨ ਮਗਰੋਂ ਵਲਾਇਤ ਜਾਣਗੇ।

ਵਕੀਲ ਸਾਹਬ

ਵੱਲਭਭਾਈ ਵਕੀਲ ਬਣੇ ਅਤੇ ਬਹੁਤ ਜਲਦੀ ਹੀ ਉਹਨਾਂ ਦੀ ਧੁੰਮ ਪੈ ਗਈ। ਇਕ ਤਾਂ ਉਹ ਸੁਭਾਅ ਦੇ ਹੀ ਨਿਡਰ ਸਨ, ਦੂਜੇ ਘਮੰਡੀ ਮੈਜਿਸਟ੍ਰੇਟ ਨੂੰ ਸਬਕ ਸਿਖਾਉਣ ਦੀ ਕਲਾ ਵਿਚ ਵੀ ਬਹੁਤ ਨਿਪੁੰਨ ਸਨ। ਆਪਣੇ ਮੁਵੱਕਲਾਂ ਨੂੰ ਜਿਤਾਉਣ ਲਈ ਉਹ ਕਿਸ ਹੱਦ ਤਕ ਜਾ ਸਕਦੇ ਸਨ ਇਸਦੀ ਮਿਸਾਲ ਦਿਤੀ ਹੀ ਜਾ ਚੁਕੀ ਹੈ। ਇਸ ਲਈ ਵੀ ਉਹ ਬਹੁਤ ਹਰਮਨ ਪਿਆਰੇ ਸਨ।

ਇਕ ਵਾਰ ਆਬਕਾਰੀ ਵਿਭਾਗ ਦੇ ਇੰਸਪੈਕਟਰ ਨੇ ਗ਼ੈਰ-ਕਾਨੂੰਨੀ ਸ਼ਰਾਬ ਬਣਾਉਣ ਵਾਲੇ ਇਕ ਵਿਅੱਕਤੀ ਨੂੰ ਗ੍ਰਿਫਤਾਰ ਕੀਤਾ। ਨਾਲ ਹੀ ਸ਼ਰਾਬ ਨਾਲ ਭਰੀਆਂ ਦੋ ਬੋਤਲਾਂ ਵੀ ਸਨ। ਉਹ ਮੈਜਿਸਟ੍ਰੇਟ ਦੇ ਕੋਲ ਰੱਖ ਦਿਤੀਆਂ ਗਈਆਂ।

ਉਸ ਵਿਅੱਕਤੀ ਨੇ ਵੱਲਭਭਾਈ ਨੂੰ ਆਪਣਾ ਵਕੀਲ ਨਿਯੁਕਤ ਕੀਤਾ। ਮੁਕੱਦਮਾ ਸ਼ੁਰੂ ਹੋਇਆ। ਬਹਿਸ ਹੋਈ। ਸ਼ਰਾਬ ਦੀਆਂ ਬੋਤਲਾਂ ਵੀ ਸਬੂਤ ਦੇ ਰੂਪ ਵਿਚ ਪੇਸ਼ ਕੀਤੀਆਂ ਗਈਆਂ। ਵੱਲਭਭਾਈ ਨੇ ਉਹਨਾਂ ਨੂੰ ਵੇਖਿਆ। ਕਿਹਾ, "ਇਹਨਾਂ ਦੇ ਅੰਦਰ ਕੀ ਹੈ, ਡਾਕਟਰ ਇਸ ਦੀ ਪੜਤਾਲ ਕਰੇ।"

ਪਤਾ ਲੱਗਿਆ ਉਹਨਾਂ ਵਿਚ ਸ਼ਰਾਬ ਨਹੀਂ, ਸ਼ੁੱਧ ਜਲ ਹੈ। ਹੁਣ ਤਾਂ ਇੰਸਪੈਕਟਰ ਬੜੇ ਘਬਰਾਏ, ਪਰੰਤੂ ਕੀ ਹੋ ਸਕਦਾ ਸੀ। ਸਬੂਤ ਦੀ ਘਾਟ ਕਾਰਣ ਵੱਲਭਭਾਈ ਮੁਕੱਦਮਾ ਜਿੱਤ ਗਏ। ਬਾਹਰ ਆ ਕੇ ਇੰਸਪੈਕਟਰ ਨੇ ਵੱਲਭਭਾਈ ਤੋਂ ਪੁੱਛਿਆ, "ਵਕੀਲ ਸਾਹਬ! ਆਖ਼ਰ ਇਹ ਹੋਇਆ ਕੀ? ਬੋਤਲਾਂ ਵਿਚ ਸ਼ਰਾਬ ਸੀ। ਉਹ ਗਈ ਕਿਥੇ?"

ਵੱਲਭਭਾਈ ਹੱਸ ਪਏ ਅਤੇ ਬੋਲੇ, "ਤੁਸੀਂ ਨਹੀਂ ਜਾਣਦੇ, ਮੈਂ ਜਾਣਦਾ ਹਾਂ। ਮੈਜਿਸਟ੍ਰੇਟ ਪਿਅੱਕੜ ਹੈ, ਤੁਹਾਡੀ ਸ਼ਰਾਬ ਉਹ ਪੀ ਗਿਆ ਅਤੇ ਬੋਤਲਾਂ ਵਿਚ ਪਾਣੀ ਭਰਵਾ ਦਿਤਾ।"

ਉਨ੍ਹੀਂ ਦਿਨੀਂ ਇਕ ਡਾਕੂ ਸੀ। ਨਾਂ ਸੀ ਉਹਦਾ ਗ਼ੁਲਾਬ ਰਾਜਾ। ਉਹ ਜਨਮ ਤੋਂ ਡਾਕੂ ਨਹੀਂ ਸੀ। ਸਮਾਜੀ-ਹਾਲਤ ਖ਼ਰਾਬ ਹੋਣ ਕਾਰਨ ਕੀ ਪਤਾ ਕਿੰਨੇ ਭੋਲੇ ਭਾਲੇ ਲੋਕ ਡਾਕੂ ਬਣ ਜਾਂਦੇ ਹਨ। ਇਵੇਂ ਹੀ ਉਹ ਵੀ ਡਾਕੂ ਬਣ ਗਿਆ ਸੀ। ਉਹ

ਤੇਜ਼ ਤਬੀਅਤ ਦਾ ਸੀ। ਬੜੇ ਅਪਰਾਧ ਕੀਤੇ ਸਨ ਉਹਨੇ। ਉਸ ਦੀ ਕਹਾਣੀ ਕਲੈਕਟਰ ਮਿ. ਵੁੱਡ ਤਕ ਪਹੁੰਚੀ। ਉਨ੍ਹਾਂ ਨੇ ਹੁੱਕਮ ਦਿਤਾ ਕਿ ਗ਼ੁਲਾਬ ਨੂੰ ਫੜ ਕੇ ਉਨ੍ਹਾਂ ਦੇ ਪੇਸ਼ ਕੀਤਾ ਜਾਏ। ਸੰਜੋਗ ਦੀ ਗੱਲ, ਉਸ ਵਕਤ ਗ਼ੁਲਾਬ ਰਾਜਾ ਉਥੇ ਹੀ ਮੌਜੂਦ ਸੀ। ਉਹਨੇ ਕਲੈਕਟਰ ਨੂੰ ਕਿਹਾ, "ਸਾਹਿਬ! ਮੈਂ ਹੀ ਗ਼ੁਲਾਬ ਰਾਜਾ ਹਾਂ। ਅਪਰਾਧ ਕਰਕੇ ਤੁਹਾਡੇ ਸਾਹਮਣੇ ਆਵਾਂ ਤਾਂ ਤੁਸੀਂ ਮੈਨੂੰ ਸਜ਼ਾ ਦੇਣਾ। ਇਸ ਸਮੇਂ ਤਾਂ ਮੈਂ ਨਿਰਦੋਸ਼ ਹਾਂ। ਮੈਨੂੰ ਤੁਸੀਂ ਕੁਝ ਨਹੀਂ ਕਹਿ ਸਕਦੇ।"

ਏਨਾ ਕਹਿ ਕੇ ਉਹ ਉਥੋਂ ਅਜਿਹਾ ਗ਼ਾਇਬ ਹੋਇਆ ਜਿਵੇਂ ਹੈ ਹੀ ਨਹੀਂ ਸੀ। ਮਿ. ਵੁੱਡ ਨੇ ਇਹਨੂੰ ਆਪਣਾ ਅਪਮਾਨ ਸਮਝਿਆ। ਉਨ੍ਹਾਂ ਨੇ ਇਕ ਵਿਅੱਕਤੀ ਤੋਂ ਉਸ ਦੇ ਵਿਰੁੱਧ ਝੂਠੀ ਸ਼ਿਕਾਇਤ ਕਰਵਾ ਦਿਤੀ ਕਿ ਗ਼ੁਲਾਬ ਰਾਜਾ ਨੇ ਉਸ ਤੇ ਹਮਲਾ ਕੀਤਾ ਅਤੇ ਇੱਟ ਮਾਰੀ। ਕਲੈਕਟਰ ਦੇ ਜ਼ੋਰ ਕਾਰਣ ਉਹਨੂੰ ਨੌਂ ਮਹੀਨੇ ਦੀ ਸਜ਼ਾ ਵੀ ਸੁਣਾ ਦਿਤੀ ਗਈ।

ਹੁਣ ਤਾਂ ਗ਼ੁਲਾਬ ਰਾਜਾ ਸੱਚਮੁੱਚ ਬਾਗ਼ੀ ਬਣ ਗਿਆ। ਉਹਨੇ ਡਾਕੇ ਮਾਰਨੇ ਸ਼ੁਰੂ ਕਰ ਦਿਤੇ। ਉਹ ਲੁੱਟ-ਮਾਰ ਕੀਤੀ ਕਿ ਪੁਲੀਸ ਦੇ ਨੱਕ ਵਿਚ ਦਮ ਕਰ ਦਿੱਤਾ। ਉਹ ਕਾਨੂੰਨੀ ਸਲਾਹ ਲੈਣ ਵੱਲਭਭਾਈ ਦੇ ਕੋਲ ਆਉਂਦਾ ਸੀ। ਪੁਲੀਸ ਕਪਤਾਨ ਨੇ ਉਨ੍ਹਾਂ ਨੂੰ ਅਖਵਾ ਭੇਜਿਆ, "ਉਹ ਸਰਕਾਰ ਦਾ ਗੁਨਾਹਗਾਰ ਹੈ। ਹੁਣ ਤੁਹਾਡੇ ਕੋਲ ਆਵੇ ਤਾਂ ਮੈਨੂੰ ਇਤਲਾਹ ਦੇਣਾ।"

ਵੱਲਭਭਾਈ ਤਾਂ ਵੱਲਭਭਾਈ ਸਨ। ਜੁਆਬ ਦਿਤਾ, "ਉਹ ਮੇਰੇ ਕੋਲ ਆਉਂਦਾ ਹੈ, ਤਾਂ ਕਿਸੇ ਵਿਸ਼ਵਾਸ ਦੇ ਕਾਰਣ ਆਉਂਦਾ ਹੈ। ਮੈਂ ਵਿਸ਼ਵਾਸ-ਘਾਤ ਨਹੀਂ ਕਰ ਸਕਦਾ।"

ਪੁਲੀਸ ਅਧਿਕਾਰੀ ਨੇ ਮੁੜ ਕਿਹਾ, "ਤੁਸੀਂ ਇਹ ਕੰਮ ਕਰ ਦਿਉ ਤਾਂ ਤੁਹਾਡੀ ਨਿਯੁਕਤੀ ਪੁਲੀਸ ਪ੍ਰੌਸੀਕਿਊਟਰ ਦੀ ਪਦਵੀ ਤੇ ਹੋ ਸਕਦੀ ਹੈ।"

ਵੱਲਭਭਾਈ ਕੜਕ ਉੱਠੇ, "ਮੈਂ ਅਜਿਹੇ ਕਾਲੇ ਕੰਮ ਕਰਕੇ ਪੁਲੀਸ ਪ੍ਰੌਸੀਕਿਊਟਰ ਨਹੀਂ ਬਣਨਾ। ਕਾਲਾ ਮੂੰਹ ਹੋਏ ਅਜਿਹਾ ਕੰਮ ਕਰਨ ਵਾਲੇ ਦਾ।"

ਵਕੀਲਾਂ ਦੇ ਕਮਰੇ ਦਾ ਇਕ ਦਰਵਾਜ਼ਾ ਅਦਾਲਤ ਵਿਚ ਖੁਲ੍ਹਦਾ ਸੀ। ਵਕੀਲ ਲੋਕ ਉਸੇ ਦਰਵਾਜ਼ੇ ਰਾਹੀਂ ਅਦਾਲਤ ਵਿਚ ਆਉਂਦੇ-ਜਾਂਦੇ ਸਨ। ਇਕ ਦਿਨ ਮੁੰਸਿਫ਼ ਸਾਹਿਬ ਨੇ ਉਹ ਦਰਵਾਜ਼ਾ ਬੰਦ ਕਰਵਾ ਦਿਤਾ। ਉਨ੍ਹਾਂ ਨੇ ਕਿਹਾ, "ਮੁੜ-ਮੁੜ ਆਉਣ-ਜਾਣ ਨਾਲ ਕੰਮ ਵਿਚ ਵਿਘਨ ਪੈਂਦਾ ਹੈ।"

ਦਰਵਾਜ਼ਾ ਬੰਦ ਹੋਣ ਨਾਲ ਵਕੀਲਾਂ ਦੀ ਮੁਸ਼ਕਲ ਵੱਧ ਗਈ। ਆਉਣ-ਜਾਣ

ਵਿਚ ਦੇਰ ਹੋਣ ਲਗੀ। ਅਦਾਲਤ ਵਿਚ ਕਦੋਂ ਕਿਸੇ ਵਕੀਲ ਦੀ ਜ਼ਰੂਰਤ ਹੋਏਗੀ, ਇਹ ਜਾਣਨਾ ਵੀ ਮੁਸ਼ਕਲ ਹੋ ਗਿਆ। ਇਹ ਦੇਖ ਕੇ ਉਹ ਸਭ ਮੁੰਸਿਫ਼ ਦੇ ਕੋਲ ਗਏ। ਉਨ੍ਹਾਂ ਨੂੰ ਆਪਣੀ ਮੁਸ਼ਕਲ ਦੱਸੀ ਅਤੇ ਦਰਵਾਜ਼ਾ ਖੋਲ੍ਹ ਦੇਣ ਦੀ ਬੇਨਤੀ ਕੀਤੀ।

ਪਰੰਤੂ ਮੁੰਸਿਫ਼ ਨਹੀਂ ਮੰਨਿਆ। ਸਰਦਾਰ ਉਨ੍ਹੀਂ ਦਿਨੀਂ ਜ਼ਿਆਦਾਤਰ ਫ਼ੌਜਦਾਰੀ ਅਦਾਲਤ ਵਿਚ ਕੰਮ ਕਰਦੇ ਸਨ। ਕੁਝ ਦਿਨ ਮਗਰੋਂ ਏਧਰ ਆਏ ਤਾਂ ਇਸ ਘਟਨਾ ਦਾ ਪਤਾ ਲਗਿਆ। ਉਨ੍ਹਾਂ ਨੇ ਸਭ ਵਕੀਲਾਂ ਨੂੰ ਇਕੱਠਾ ਕੀਤਾ ਅਤੇ ਕਿਹਾ, ''ਮੁੰਸਿਫ਼ ਸਾਹਿਬ ਨੂੰ ਕਹਿ ਦਿਉ ਕਿ ਦਰਵਾਜ਼ਾ ਖੋਲ੍ਹ ਦੇਣ, ਨਹੀਂ ਤਾਂ ਅਸੀਂ ਹੜਤਾਲ ਕਰ ਦਿਆਂਗੇ।''

ਗੱਲ ਮੁੰਸਿਫ਼ ਤਕ ਪਹੁੰਚੀ। ਉਹ ਤ੍ਰਭਕੇ ਪਰੰਤੂ ਇਕ ਦਮ ਝੁੱਕਦੇ ਕਿਵੇਂ। ਪਰੰਤੂ ਜਦੋਂ ਖੇੜਾ ਜ਼ਿਲੇ ਦੇ ਜੱਜ ਨੇ ਉਨ੍ਹਾਂ ਨੂੰ ਬੁਲਾ ਕੇ ਕਿਹਾ, ''ਇਸ ਝਗੜੇ ਨੂੰ ਜਲਦੀ ਨਿਪਟਾਓ।'' ਤਾਂ ਉਹ ਸੱਚਮੁੱਚ ਘਬਰਾ ਉੱਠੇ। ਉਨ੍ਹਾਂ ਨੇ ਇਕ ਜਾਣੂੰ ਵਕੀਲ ਨੂੰ ਬੁਲਾ ਕੇ ਸਮਝੌਤਾ ਕਰਾ ਦੇਣ ਬਾਰੇ ਗੱਲ ਕੀਤੀ।

ਉਹ ਵਕੀਲ ਸਰਦਾਰ ਦੇ ਕੋਲ ਆਏ, ਬੋਲੇ, ''ਮੁੰਸਿਫ਼ ਸਾਹਿਬ ਤੁਹਾਨੂੰ ਬੰਗਲੇ ਤੇ ਬੁਲਾਉਂਦੇ ਹਨ।''

ਸਰਦਾਰ ਨੇ ਜੁਆਬ ਦਿਤਾ, ''ਮੈਂ ਨਹੀਂ ਜਾਵਾਂਗਾ। ਜਿਹਨੂੰ ਗਰਜ਼ ਹੋਵੇ ਮੇਰੇ ਕੋਲ ਆਵੇ।''

ਮੁੰਸਿਫ਼ ਵੀ ਮੁੰਸਿਫ਼ ਸਨ। ਵਕੀਲ ਦੇ ਕੋਲ ਜਾਣ ਵਿਚ ਉਨ੍ਹਾਂ ਦੀ ਹੇਠੀ ਹੁੰਦੀ ਸੀ ਪਰ ਸਮਝੌਤਾ ਕਰਨਾ ਵੀ ਜ਼ਰੂਰੀ ਸੀ। ਕਹਿੰਦੇ, ''ਉਨ੍ਹਾਂ ਨੂੰ ਕਹੋ ਕਿ ਉਹ ਅਤੇ ਦੂਜੇ ਵਕੀਲ ਮੇਰੇ ਨਾਲ ਚਾਹ-ਪਾਣੀ ਪੀਣ। ਮੈਂ ਸਮਝੌਤਾ ਕਰਨਾ ਚਾਹੁੰਦਾ ਹਾਂ।''

ਸਰਦਾਰ ਦੀ ਸ਼ਰਤ ਸੀ, ''ਆ ਸਕਦੇ ਹਾਂ ਪਰ ਉਨ੍ਹਾਂ ਨੂੰ ਆਪਣੇ ਕੰਮ ਦੇ ਲਈ ਅਫ਼ਸੋਸ ਜ਼ਾਹਿਰ ਕਰਨਾ ਪਏਗਾ।''

ਵਿਚਾਰਾ ਮੁੰਸਿਫ਼ ਉਹਨੇ ਅਜਿਹੇ ਵਕੀਲ ਕਿਥੇ ਦੇਖੇ ਸਨ। ਉਹਨੂੰ ਝੁੱਕਣਾ ਪਿਆ। ਉਹਨੇ ਮਾਫ਼ੀ ਮੰਗੀ। ਸਭ ਨੂੰ ਚਾਹ ਪਿਆਈ ਅਤੇ ਦਰਵਾਜ਼ਾ ਖੋਲ੍ਹ ਦਿਤਾ।

ਪਰੰਤੂ ਉਨ੍ਹਾਂ ਦੀ ਅਨੋਖੀ ਸੋਚ-ਸਮਝ ਦਾ ਸਬੂਤ ਦੇਣ ਵਾਲੀ ਘਟਨਾ ਸੱਚਮੁੱਚ ਅਨੋਖੀ ਹੈ। ਸਰਦਾਰ ਦੇ ਇਕ ਜਾਣੂੰ ਰੇਲਵੇ ਪੁਲੀਸ ਵਿਚ ਥਾਣੇਦਾਰ ਸਨ। ਉਨ੍ਹਾਂ ਦੀ ਆਪਣੇ ਅਫ਼ਸਰ ਨਾਲ ਨਹੀਂ ਬਣਦੀ ਸੀ। ਅਫ਼ਸਰ ਸਨ ਅੰਗਰੇਜ਼। ਉਨ੍ਹਾਂ ਦੇ ਜਾਣੂੰ ਸਰਕਾਰ ਦੀ ਬੜੀ ਉੱਚੀ ਪਦਵੀ ਤੇ ਸਨ। ਮੌਕਾ ਮਿਲਣ ਤੇ ਉਸ ਅਫ਼ਸਰ ਨੇ ਇਕ ਦਿਨ ਥਾਣੇਦਾਰ ਨੂੰ ਫਸਾ ਲਿਆ। ਉਸ ਤੇ ਇਕ ਰੁਪਏ ਦੀ ਲਕੜੀ ਦੀ

ਚੋਰੀ ਦਾ ਇਲਜ਼ਾਮ ਲਗਾਇਆ। ਉਨ੍ਹੀਂ ਦਿਨੀਂ ਰੇਲਵੇ ਵਿਚ ਚੋਰ ਡਾਕੇ ਬਹੁਤ ਪੈਂਦੇ ਸਨ। ਇਸ ਲਈ ਇਹ ਛੋਟਾ ਜਿਹਾ ਮਸਲਾ ਬੜੀ ਆਸਾਨੀ ਨਾਲ ਵੱਡਾ ਬਣ ਗਿਆ। ਜਿਹਦੀ ਪੜਤਾਲ ਦੇ ਲਈ ਖ਼ਾਸ ਅਦਾਲਤ ਬਣੀ। ਪੈਰਵੀ ਦੇ ਲਈ ਅਹਿਮਦਾਬਾਦ ਦੇ ਸਰਕਾਰੀ ਵਕੀਲ ਆਏ। ਅਦਾਲਤ ਵਿਚ ਜਾਣ ਤੋਂ ਪਹਿਲਾਂ ਸਾਰੀ ਪੜਤਾਲ ਖ਼ੁਦ ਉਸ ਅਫ਼ਸਰ ਨੇਂ ਕੀਤੀ। ਉਹ ਇਕ ਗੱਲ ਖ਼ਾਸ ਤੌਰ ਤੇ ਜਾਣਨੀ ਚਾਹੁੰਦਾ ਸੀ—ਕੀ ਥਾਣੇਦਾਰ ਨੂੰ ਪਹਿਲਾਂ ਵੀ ਕਦੀ ਸਜ਼ਾ ਹੋਈ ਸੀ ?

ਥਾਣੇਦਾਰ ਨੇ ਸਾਰਾ ਮਾਮਲਾ ਸਰਦਾਰ ਨੂੰ ਸੌਂਪ ਦਿਤਾ ਸੀ। ਇਨ੍ਹਾਂ ਦੀ ਸਲਾਹ ਤੇ ਥਾਣੇਦਾਰ ਆਪਣੇ-ਆਪ ਅੰਗਰੇਜ਼ ਅਫ਼ਸਰ ਦੇ ਕੋਲ ਗਿਆ। ਕਿਹਾ, "ਮੈਨੂੰ ਪਹਿਲਾਂ ਸਜ਼ਾ ਹੋ ਚੁਕੀ ਹੈ।"

ਅਫ਼ਸਰ ਨੂੰ ਹੈਰਾਨੀ ਵੀ ਹੋਈ ਅਤੇ ਖੁਸ਼ੀ ਵੀ। ਪੁੱਛਿਆ, "ਕਿੰਨੀ ਸਜ਼ਾ ਹੋਈ ?"

"ਨੌਂ ਮਹੀਨੇ ਦੀ। ਬਿਲਕੁਲ ਇਕੱਲਾ ਰਖਿਆ ਗਿਆ ਸੀ।"

"ਹੂੰ! ਕਦੋਂ ਦੀ ਗੱਲ ਹੈ ?"

"ਬਹੁਤ ਪੁਰਾਣੀ। ਕੋਈ ਤੀਹ ਕੁ ਵਰ੍ਹੇ ਪਹਿਲਾਂ ਦੀ।"

ਅਫ਼ਸਰ ਤਾਂ ਇਹੀ ਚਾਹੁੰਦਾ ਸੀ। ਉਹਨੇ ਸਭ ਗੱਲਾਂ ਲਿਖ ਲਈਆਂ ਅਤੇ ਮੁਕੱਦਮਾ ਅਦਾਲਤ ਵਿਚ ਭੇਜ ਦਿਤਾ। ਮਾਮਲਾ ਪੇਸ਼ ਹੋਇਆ ਤਾਂ ਸਰਦਾਰ ਅਚਾਨਕ ਬਿਮਾਰ ਪੈ ਗਏ। ਉਨ੍ਹਾਂ ਦੀ ਜਗ੍ਹਾ ਸਰਦਾਰ ਦੇ ਵਡੇ ਭਰਾ ਵਿਠਲ ਭਾਈ ਪਟੇਲ ਪੈਰਵੀ ਕਰਨ ਲਗੇ। ਉਹ ਸਨ ਲੜਾਕੇ। ਸਰਕਾਰੀ ਵਕੀਲ ਨਾਲ ਲੜ ਪਏ। ਇਸ ਦਾ ਸਿੱਟਾ ਭੈੜਾ ਨਿਕਲਿਆ। ਥਾਣੇਦਾਰ ਨੂੰ ਛੇ ਮਹੀਨੇ ਦੀ ਸਜ਼ਾ ਹੋ ਗਈ।

ਸਰਦਾਰ ਨੇ ਸੁਣਿਆਂ ਤਾਂ ਘਬਰਾਏ ਨਹੀਂ। ਉਨ੍ਹਾਂ ਨੇ ਵੱਡੀ ਅਦਾਲਤ ਵਿਚ ਅਪੀਲ ਕਰਵਾਈ। ਓਧਰ ਥਾਣੇਦਾਰ ਨੂੰ ਜ਼ਮਾਨਤ ਤੇ ਛੁਡਾਉਣ ਦੀ ਕੋਸ਼ਿਸ਼ ਕੀਤੀ। ਇਕ ਵਡੇ ਬੈਰਿਸਟਰ ਪੈਰਵੀ ਕਰਨ ਲਈ ਬੁਲਾਏ ਗਏ। ਸਰਕਾਰ ਨੇ ਇਸ ਗੱਲ ਦਾ ਸਖ਼ਤ ਵਿਰੋਧ ਕੀਤਾ। ਅਰਜ਼ੀ ਨਾ-ਮਨਜ਼ੂਰ ਹੋ ਗਈ। ਤਾਂ ਸਰਦਾਰ ਨੇ ਅਪੀਲ ਦੀ ਸੁਣਵਾਈ ਝਟਪਟ ਕਰਨ ਦੀ ਮੰਗ ਕੀਤੀ।

ਅਖ਼ੀਰ ਅਪੀਲ ਦੀ ਪੇਸ਼ੀ ਹੋਈ। ਸਰਕਾਰੀ ਵਕੀਲ ਉਥੇ ਬਹੁਤ ਗੱਜੇ। ਕਹਿਣ ਲਗੇ, "ਅਜਿਹੇ ਮਾਮਲੇ ਬੜੀ ਮੁਸ਼ਕਲ ਨਾਲ ਫੜੇ ਜਾਂਦੇ ਹਨ। ਫੇਰ ਅਪਰਾਧੀ ਪੁਲੀਸ ਦਾ ਅਫ਼ਸਰ ਹੈ। ਇਹ ਕਿੰਨੀ ਖ਼ਤਰਨਾਕ ਗੱਲ ਹੈ। ਵਾੜ ਹੀ ਖੇਤ ਨੂੰ ਖਾ ਰਹੀ ਹੈ।"

ਸਫ਼ਾਈ ਦੇ ਬੈਰਿਸਟਰ ਬੋਲੇ, "ਪਹਿਲਾਂ ਅਪਰਾਧ ਸਾਬਤ ਕਰੋ, ਫੇਰ ਸੋਚੋ

ਕਿ ਅਪਰਾਧੀ ਕੌਣ ਹੈ ? ਉਸ ਤੋਂ ਪਹਿਲਾਂ ਇਸ ਗੱਲ ਤੇ ਵਿਚਾਰ ਨਹੀਂ ਕੀਤਾ ਜਾ ਸਕਦਾ।''

ਸਰਕਾਰੀ ਵਕੀਲ ਨੇ ਕਿਹਾ, ''ਅਪਰਾਧੀ ਨੂੰ ਪਹਿਲਾਂ ਵੀ ਸਜ਼ਾ ਹੋ ਚੁੱਕੀ ਹੈ। ਇਸ ਗੱਲ ਤੇ ਵੀ ਤੁਸੀਂ ਵਿਚਾਰ ਕਰੋ।''

ਇਹ ਸੁਣ ਕੇ ਸਫ਼ਾਈ ਦੇ ਬੈਰਿਸਟਰ ਠੱਗੇ ਜਿਹੇ ਦੇਖਦੇ ਰਹਿ ਗਏ। ਜੱਜ ਨੇ ਉਨ੍ਹਾਂ ਤੋਂ ਇਸ ਗੱਲ ਦਾ ਜੁਆਬ ਮੰਗਿਆ। ਉਹ ਕੀ ਕਹਿੰਦੇ। ਸਰਦਾਰ ਤੇ ਟੁੱਟ ਪਏ। ਆਖਣ ਲਗੇ, ''ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ ? ਮੈਂ ਕਦੇ ਅਪੀਲ ਕਰਨ ਦੀ ਸਲਾਹ ਨਾ ਦਿੰਦਾ।''

ਉਹ ਮੁਕੱਦਮਾ ਛੱਡ ਕੇ ਬਹਿ ਗਏ। ਇਕ ਅਜੀਬ ਹਾਲਤ ਪੈਦਾ ਹੋ ਗਈ। ਅਦਾਲਤ ਖਚਾਖਚ ਭਰੀ ਹੋਈ ਸੀ। ਸਰਦਾਰ ਦੇ ਕਰਕੇ ਲੋਕਾਂ ਨੂੰ ਬੜੀ ਦਿਲਚਸਪੀ ਸੀ। ਸਭ ਸੋਚ ਰਹੇ ਸਨ ਕਿ ਵੇਖੀਏ, ਅੱਗੇ ਕੀ ਹੁੰਦਾ ਹੈ। ਬਚਣ ਦਾ ਕੋਈ ਰਾਹ ਨਹੀਂ ਦਿਸਦਾ। ਉਦੋਂ ਹੀ ਸਰਦਾਰ ਉੱਠੇ। ਉਨ੍ਹਾਂ ਨੇ ਅਦਾਲਤ ਨੂੰ ਕਿਹਾ, ''ਮੁਜਰਮ ਨੂੰ ਪਹਿਲਾਂ ਸਜ਼ਾ ਹੋਣ ਦਾ ਸਬੂਤ ਵਿਖਾਇਆ ਜਾਏ।''

ਜੱਜ ਨੇ ਗੱਲ ਮੰਨ ਲਈ। ਇਸ ਤੇ ਸਰਕਾਰੀ ਵਕੀਲ ਭੜਕ ਉੱਠੇ। ਕਹਿੰਦੇ, ''ਮੁਜਰਮ ਨੇ ਸਭ ਕੁਝ ਖ਼ੁਦ ਹੀ ਕਬੂਲ ਕੀਤਾ ਹੈ। ਹੁਣ ਤੁਸੀਂ ਹੋਰ ਕੀ ਸਬੂਤ ਚਾਹੁੰਦੇ ਹੋ ?''

ਸਰਦਾਰ ਨੇ ਕੋਈ ਜੁਆਬ ਨਹੀਂ ਦਿਤਾ। ਚੁੱਪ-ਚਾਪ ਉਹ ਬਿਆਨ ਪੜ੍ਹ ਲਿਆ। ਪੜ੍ਹ ਚੁਕੇ ਤਾਂ ਕਹਿੰਦੇ, ''ਸਾਹਿਬ, ਇਸ ਵਿਚ ਲਿਖਿਆ ਹੈ ਕਿ ਮੁਜਰਿਮ ਨੂੰ ਨੌਂ ਮਹੀਨੇ ਦੀ ਸਜ਼ਾ ਹੋਈ ਸੀ।''

ਸਰਕਾਰੀ ਵਕੀਲ ਨੇ ਕਿਹਾ, ''ਜੀ ਹਾਂ।''

''ਉਹਨੂੰ ਬਿਲਕੁਲ ਇਕੱਲਾ ਰਖਿਆ ਗਿਆ ਸੀ।''

''ਬੇਸ਼ਕ ! ਉਸਦਾ ਅਪਰਾਧ ਸੰਜੀਦਾ ਹੋਏਗਾ।''

''ਮੁਜਰਮ ਨੂੰ ਇਹ ਸਜ਼ਾ ਤੀਹ ਸਾਲ ਪਹਿਲਾਂ ਹੋਈ ਸੀ।''

''ਜੀ ਹਾਂ, ਸਭ ਲਿਖਿਆ ਤਾਂ ਹੈ।'' ਸਰਕਾਰੀ ਵਕੀਲ ਨੇ ਬੇਤਾਬ ਹੋ ਕੇ ਕਿਹਾ।

''ਜੀ ਹਾਂ, ਮੈਂ ਲਿਖਿਆ ਹੋਇਆ ਹੀ ਪੜ੍ਹ ਰਿਹਾ ਹਾਂ।'' ਸਰਦਾਰ ਨੇ ਕਿਹਾ।

''ਇਸ ਵਿਚ ਇਹ ਵੀ ਲਿਖਿਆ ਹੈ ਕਿ ਮੁਜਰਮ ਦੀ ਉਮਰ ਹੁਣ ਤੀਹ ਵਰ੍ਹਿਆਂ ਦੀ ਹੈ।''


ਸਰਦਾਰ ਦੀ ਗੱਲ ਸੁਣਕੇ ਸਭ ਤ੍ਰਭਕ ਪਏ। ਤੀਹ ਸਾਲ ਦੇ ਆਦਮੀ ਨੂੰ ਤੀਹ ਸਾਲ ਪਹਿਲਾਂ ਨੌਂ ਮਹੀਨੇ ਦੀ ਸਜ਼ਾ! ......ਉਹ ਵੀ ਇਕੱਲੇ ਹੀ।........

ਹੁਣ ਕੁਝ ਸਮਝਣਾ ਬਾਕੀ ਨਾ ਰਿਹਾ। ਆਦਲਤ ਹਾਸੇ ਨਾਲ ਗੂੰਜ ਉਠੀ। ਸਰਕਾਰੀ ਵਕੀਲ ਪੀਲੇ ਪੈ ਗਏ। ਫੇਰ ਸਰਦਾਰ ਨੇ ਜਿਹੜੀ ਬਹਿਸ ਕੀਤੀ, ਉਹ ਸ਼ਾਨਦਾਰ ਸੀ। ਅੰਗਰੇਜ਼ ਅਫਸਰ ਕਿੰਨਾਂ ਚਲਾਕ ਸੀ, ਸਰਕਾਰੀ ਵਕੀਲ ਦੀਆਂ ਦਲੀਲਾਂ ਕਿੰਨੀਆਂ ਤੇਜ਼ ਸਨ, ਸਰਦਾਰ ਨੇ ਸਭ ਦਾ ਪਾਜ ਖੋਲ੍ਹ ਦਿਤਾ। ਮੁਕੱਦਮਾ ਢਿੱਲਾ ਪੈ ਗਿਆ। ਜੱਜ ਨੇ ਥਾਣੇਦਾਰ ਨੂੰ ਬੇਕਸੂਰ ਦਸਕੇ ਛੱਡ ਦਿਤਾ। ਹਾਂ, ਅੰਗਰੇਜ਼ ਅਫਸਰ ਦੀ ਚੰਗੀ ਆਲੋਚਨਾ ਕੀਤੀ। ਵਿਚਾਰੇ ਨੂੰ ਅਖ਼ੀਰ ਵਿਚ ਨੌਕਰੀ ਛੱਡਣੀ ਪਈ।

ਉਨ੍ਹਾਂ ਦੀ ਬੜੀ ਇੱਛਾ ਸੀ ਵਲਾਇਤ ਜਾ ਕੇ ਬੈਰਿਸਟਰ ਬਣਨ ਦੀ। ਉਸੇ ਲਈ ਧਨ ਇਕੱਠਾ ਕਰ ਰਹੇ ਸਨ। ਉਨ੍ਹਾਂ ਦੇ ਸ਼ਬਦਾਂ ਵਿਚ, "ਇਸਦੇ ਮਗਰੋਂ ਮੈਂ ਕਾਨੂੰਨ ਦਾ ਅਧਿਅਨ ਕੀਤਾ ਅਤੇ ਵਕਾਲਤ ਦਾ ਧੰਧਾ ਕਰਕੇ ਵਲਾਇਤ ਦੇ ਖ਼ਰਚ ਜਿੰਨੀ ਰਕਮ ਕਮਾਉਣ ਦੇ ਮਗਰੋਂ ਉਥੇ ਜਾਣ ਦਾ ਨਿਸਚਾ ਕੀਤਾ। ਪਰੰਤੂ ਜਿਹੜੀ ਕੰਪਨੀ ਰਾਹੀਂ ਵਲਾਇਤ ਜਾਣ ਦੇ ਪ੍ਰਬੰਧ ਕਰਨ ਲਈ ਚਿੱਠੀ-ਪੱਤਰ ਕੀਤਾ, ਉਸਦਾ ਮੇਰੇ ਨਾਂ ਆਇਆ ਜੁਆਬ ਮੇਰੇ ਵੱਡੇ ਭਰਾ ਨੂੰ ਮਿਲ ਗਿਆ—ਕਿਉਂਕਿ ਅੰਗਰੇਜ਼ੀ ਵਿਚ ਅਸੀਂ ਦੋਵੇਂ ਵੀ. ਜੇ. ਪਟੇਲ* ਕਹੇ ਜਾਂਦੇ ਹਾਂ। ਜੁਆਬ ਪੜ੍ਹਕੇ ਵੱਡੇ ਭਰਾ ਨੇ ਮੈਨੂੰ ਕਿਹਾ, "ਮੈਂ ਤੈਥੋਂ ਵੱਡਾ ਹਾਂ। ਮੈਨੂੰ ਵਲਾਇਤ ਜਾਣ ਦੇ। ਮੇਰੇ ਪਰਤਣ ਮਗਰੋਂ ਤੈਨੂੰ ਜਾਣ ਦਾ ਮੌਕਾ ਮਿਲੇਗਾ, ਪਰੰਤੂ ਤੇਰੇ ਪਰਤਣ ਮਗਰੋਂ ਮੈਂ ਵਲਾਇਤ ਨਹੀਂ ਜਾ ਸਕਾਂਗਾ।" ਮੈਂ ਭਰਾ ਨੂੰ ਪੰਦਰਾਂ ਦਿਨ ਦਾ ਸਮਾਂ ਦਿਤਾ। ਪੰਦਰਵੇਂ ਦਿਨ ਉਹ ਵਲਾਇਤ ਲਈ ਰਵਾਨਾ ਹੋ ਗਏ। ਤਿੰਨ ਸਾਲ ਵਿਚ ਉਹ ਪਰਤ ਆਏ। ਉਸਦੇ ਮਗਰੋਂ ਮੈਂ ਵਲਾਇਤ ਗਿਆ।"

ਵਲਾਇਤ ਜਾ ਕੇ ਸਰਦਾਰ ਰਾਗ-ਰੰਗ ਵਿਚ ਨਹੀਂ ਪਏ। ਜਿਸ ਕੰਮ ਲਈ ਉਹ ਉਥੇ ਗਏ ਸਨ, ਉਸੇ ਵਿਚ ਰੁੱਝੇ ਰਹੇ। ਉਨ੍ਹਾਂ ਦੇ ਨਿਵਾਸ-ਸਥਾਨ ਤੋਂ ਮਿਡਲ ਟੈਂਪਲ ਗਿਆਰਾਂ ਮੀਲ ਦੂਰ ਸੀ। ਸਵੇਰੇ ਛਾਹ ਵੇਲਾ ਕਰਕੇ ਪੁਸਤਕਾਲਾ ਖੁਲ੍ਹਣ ਦੇ ਸਮੇਂ ਉਹ ਪੈਦਲ ਤੁਰ ਕੇ ਉਥੇ ਪਹੁੰਚ ਜਾਂਦੇ ਸਨ। ਸਾਰਾ ਦਿਨ ਕਾਨੂੰਨ ਦੀਆਂ

* ਵਿਠਲ ਭਾਈ ਝਵੇਰ ਭਾਈ ਪਟੇਲ ਤੇ ਵੱਲਭ ਭਾਈ ਝਵੇਰ ਭਾਈ ਪਟੇਲ। ਪਿਤਾ ਦਾ ਨਾਂ : ਝਵੇਰ ਭਾਈ।



ਕਰਮਸਦ (ਗੁਜਰਾਤ) ਦਾ ਘਰ—ਇਥੇ ਵੱਲਭ ਭਾਈ ਪਟੇਲ ਦਾ ਬਚਪਨ ਬੀਤਿਆ।




ਵਿਦਿਆਰਥੀ ਵੱਲਭ ਭਾਈ, ਨਡਿਆਦ (ਗੁਜਰਾਤ)



ਬੈਰਿਸਟਰ ਵਿੱਠਲ ਭਾਈ ਅਤੇ ਬੈਰਿਸਟਰ ਵੱਲਭ ਭਾਈ (ਸੱਜੇ)
—1913 ਵਿਚ ਵੱਲਭ ਭਾਈ ਦੇ ਇੰਗਲੈਂਡ ਤੋਂ ਪਰਤਣ ਸਮੇਂ

ਮਾਂ ਅਤੇ ਭਰਾਵਾਂ ਦੇ ਨਾਲ ਵੱਲਭ ਭਾਈ (ਸੱਜੇ)





ਸਰਦਾਰ ਨੇ 29 ਮਈ 1933 ਨੂੰ ਭੁੱਖ-ਹੜਤਾਲ ਸਮਾਪਤ ਕਰਨ 'ਤੇ ਗਾਂਧੀ ਜੀ ਨੂੰ ਇਹ ਪੱਤਰ ਲਿਖਿਆ—''ਇਸ ਸ਼ੁਭ ਘੜੀ ਵੇਲੇ ਅਸੀਂ ਦੋਵੇਂ (ਵੱਲਭ ਭਾਈ ਅਤੇ ਛਗਨਲਾਲ ਜੋਸ਼ੀ) ਤੁਹਾਡਾ ਅਸ਼ੀਰਵਾਦ ਚਾਹੁੰਦੇ ਹਾਂ। ਤੁਹਾਡੇ ਤੇ ਤਾਂ ਪਰਮਾਤਮਾ ਦਿਆਲੂ ਹਨ, ਪਰ ਮੈਂ ਤੁਹਾਨੂੰ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਸਾਡੇ ਤੇ ਕ੍ਰਿਪਾਲੂ ਰਹੋ।''



ਹਰੀਪੁਰਾ ਕਾਂਗਰਸ ਵਿਚ—ਫਰਵਰੀ 1938



ਜੁਲਾਈ 1945 ਦੇ ਸ਼ਿਮਲਾ ਸੰਮੇਲਨ
ਵਿਚ ਪਟੇਲ, ਗਾਂਧੀ ਅਤੇ ਮਣੀਬੇਨ



ਅੰਦਰੂਨੀ ਸਰਕਾਰ ਵਿਚ ਸ਼ਾਮਲ ਹੋਣ ਦੇ ਸੁਆਲ ਤੇ ਗੰਭੀਰ ਵਾਰਤਾਲਾਪ
ਵਿਚ ਮਗਨ ਤ੍ਰਿਕੜੀ—ਗਾਂਧੀ, ਨਹਿਰੂ ਅਤੇ ਪਟੇਲ—ਜੁਲਾਈ 1946 ਬੰਬਈ



15 ਅਗਸਤ 1947 ਨੂੰ ਕੇਂਦਰੀ ਮੰਤਰੀ ਵਜੋਂ ਸੌਂਹ ਚੁੱਕਦੇ ਹੋਏ ਸਰਦਾਰ ਪਟੇਲ

ਜਨਮ-ਦਿਨ ਤੇ ਆਪਣੇ ਪਰਿਵਾਰ ਦੇ ਨਾਲ—31 ਅਕਤੂਬਰ 1948






ਡੱਚ ਸ਼ਿਲਪੀ ਸ੍ਰੀਮਤੀ ਕਲੈਰਾ ਕਿਵਨ ਦੇ ਸਾਹਮਣੇ ਬਠੇ ਹੋਏ—ਨਵੰਬਰ 1949

ਉਦੇਪੁਰ ਦੀ ਆਮ ਸਭਾ ਵਿਚ ਤਕਰੀਰ ਕਰਦਿਆਂ—14 ਜਨਵਰੀ 1948





ਬਾਰਦੋਲੀ ਆਸ਼ਰਮ ਵਿਚ ਚਰਖਾ ਕੱਤਦਿਆਂ—ਜਨਵਰੀ 1949

ਪੁਸਤਕਾਂ ਪੜ੍ਹਦੇ ਰਹਿੰਦੇ। ਦੁਪਹਿਰ ਨੂੰ ਦੁੱਧ ਅਤੇ ਡਬਲ-ਰੋਟੀ ਮੰਗਵਾ ਕੇ ਖਾ ਲੈਂਦੇ ਅਤੇ ਜਦੋਂ ਸੰਝ ਨੂੰ ਪੁਸਤਕਾਲਾ ਬੰਦ ਕਰਨ ਵਾਲਾ ਚਪੜਾਸੀ ਉਨ੍ਹਾਂ ਨੂੰ ਆ ਕੇ ਕਹਿੰਦਾ ਕਿ ਸਾਹਬ, ਪੁਸਤਕਾਲਾ ਬੰਦ ਕਰਨ ਦਾ ਵਕਤ ਹੋ ਗਿਆ ਤਾਂ ਉਹ ਉਥੋਂ ਉੱਠਦੇ। ਉਦੋਂ ਹੀ ਤਾਂ ਉਹ ਅੱਵਲ ਸ਼੍ਰੇਣੀ ਵਿਚ ਅੱਵਲ ਦਰਜਾ ਲੈ ਕੇ ਪਾਸ ਹੋਏ। ਉਨ੍ਹਾਂ ਨੂੰ ਪੰਜਾਹ ਦਾ ਇਨਾਮ ਮਿਲਿਆ ਅਤੇ ਦੋ ਟਰਮ ਦੀ ਛੋਟ ਮਿਲੀ। ਉਨ੍ਹਾਂ ਦੇ ਲਿਖੇ ਉੱਤਰ ਏਨੇ ਸੁਹਣੇ ਸਨ ਕਿ ਮੁੱਖ-ਪਰੀਖਿਅਕ ਨੇ ਬੰਬਈ ਦੇ ਮੁੱਖ ਨਿਆਂ-ਅਧਿਕਾਰੀ ਨੂੰ ਲਿਖਿਆ, ''ਵੱਲਭਭਾਈ ਪਟੇਲ ਚੰਗੇ ਨਿਆਂ-ਕਰਤਾ ਹੋ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਨਿਆਂ ਵਿਭਾਗ ਵਿਚ ਕਿਸੇ ਉੱਚੀ ਪਦਵੀ ਤੇ ਨਿਯੁਕਤ ਕਰ ਦੇਣਾ ਚਾਹੀਦਾ ਹੈ।''

ਕਿਉਂਜੋ ਉਨ੍ਹਾਂ ਨੇ ਨਿਆਂ-ਅਧਿਕਾਰੀ ਨਹੀਂ ਬਣਦਾ ਸੀ ਇਸ ਲਈ ਉਸ ਸਿਫਾਰਸ਼ ਤੋਂ ਉਨ੍ਹਾਂ ਨੇ ਲਾਭ ਨਹੀਂ ਉਠਾਇਆ। ਅਹਿਮਦਾਬਾਦ ਆ ਕੇ ਉਹ ਬੈਰਿਸਟਰੀ ਕਰਨ ਲਗੇ ਅਤੇ ਬਹੁਤ ਜਲਦੀ ਇਥੇ ਵੀ ਉਨ੍ਹਾਂ ਦੀ ਧੁੰਮ ਪੈ ਗਈ।

ਆਪਣੇ ਵੱਡੇ ਭਰਾ ਨਾਲ ਉਨ੍ਹਾਂ ਨੇ ਇਕ ਸਮਝੌਤਾ ਕੀਤਾ ਸੀ। ਉਹ ਕਿਹਾ ਕਰਦੇ ਸਨ, ''ਭਾਰਤ ਨੂੰ ਅਜ਼ਾਦ ਕਰਾਉਣਾ ਹੋਏ ਤਾਂ ਕਿਸੇ-ਨਾ-ਕਿਸੇ ਨੂੰ ਤਾਂ ਸੇਵਾ ਦੇ ਕੰਮ ਵਿਚ ਲਗਣਾ ਹੀ ਚਾਹੀਦਾ ਹੈ। ਅਸੀਂ ਦੋਵਾਂ ਭਰਾਵਾਂ ਨੇ ਕੰਮ ਦੀ ਵੰਡ ਕਰ ਲਈ ਹੈ। ਵਿਠੱਲ ਭਾਈ ਦੇਸ਼ ਸੇਵਾ ਕਰਨ, ਮੈਂ ਪੈਸੇ ਕਮਾਵਾਂ। ਉਹ ਪੁੰਨ ਕਮਾਉਣ ਮੈਂ ਪਾਪ ਕਮਾਵਾਂ। ਪਰੰਤੂ ਉਹ ਜਿਹੜਾ ਕੰਮ ਕਰਨਗੇ ਉਸ ਵਿਚ ਮੇਰਾ ਹਿੱਸਾ ਤਾਂ ਰਵ੍ਹੇਗਾ ਹੀ।''

ਉਸ ਸਮੇਂ ਉਹ ਕੀ ਜਾਣਦੇ ਸਨ ਕਿ ਬਹੁਤ ਜਲਦੀ ਹੀ ਉਹ ਵੀ 'ਪਾਪ' ਕਮਾਉਣਾ ਛੱਡ ਕੇ 'ਪੁੰਨ' ਕਮਾਉਣ ਦੇ ਖੇਤਰ ਵਿਚ ਆ ਜਾਣਗੇ।

ਰਾਮਕ੍ਰਿਸ਼ਨ ਦੇ ਵਿਵੇਕਾਨੰਦ

ਗਾਂਧੀ ਜੀ ਸੰਨ 1915 ਵਿਚ ਦੱਖਣੀ ਅਫ਼ਰੀਕਾ ਤੋਂ ਭਾਰਤ ਪਰਤੇ ਅਤੇ ਅਹਿਮਦਾਬਾਦ ਦੇ ਕੋਚਰਬ ਨਾਮੀਂ ਥਾਂ ਤੇ ਆਸ਼ਰਮ ਬਣਾ ਕੇ ਰਹਿਣ ਲਗੇ। ਵੱਲਭਭਾਈ ਸ਼ੁਰੂ-ਸ਼ੁਰੂ ਵਿਚ ਉਹਨਾਂ ਦਾ ਮਜ਼ਾਕ ਉਡਾਉਂਦੇ ਸਨ। ਕੋਈ ਉਹਨਾਂ ਦੇ ਕੋਲ ਜਾਂਦਾ ਤਾਂ ਉਹ ਨੂੰ ਰੋਕਦੇ, ਕਹਿੰਦੇ, "ਉਥੇ ਜਾ ਕੇ ਕੀ ਸੁਣਨਾ ਹੈ ? ਉਹ ਤਾਂ ਕਣਕ ਵਿਚੋਂ ਕੋੜਕੂ ਕੱਢਣ ਦੀ ਗੱਲ ਹੀ ਕਰਨਗੇ। ਅਜਿਹਾ ਕਰਨ ਨਾਲ ਕੀ ਦੇਸ਼ ਅਜ਼ਾਦ ਹੋਣ ਲਗਾ ਹੈ।".

ਪਰੰਤੂ ਗਾਂਧੀ ਜੀ ਏਨਾ ਕੋਲ ਆ ਚੁਕੇ ਸਨ ਕਿ ਹੋਰ ਦੇਰ ਤਕ ਉਹਨਾਂ ਤੋਂ ਦੂਰ ਰਹਿਣਾ ਮੁਸ਼ਕਲ ਸੀ। ਉਹਨਾਂ ਨੇ ਜਦੋਂ ਗੁਜਰਾਤ ਸਭਾ ਦੇ ਮੈਂਬਰ ਬਣਨ ਲਈ ਇਸ ਉਦੇਸ਼ ਦੀ ਸ਼ਰਤ ਰਖੀ ਕਿ "ਉਹ ਪਰਜਾ ਨੂੰ ਹੁਕਮਰਾਨਾਂ ਤੋਂ ਭਿੱਖ ਮੰਗਣ ਦੀ ਸਲਾਹ ਨਾ ਦੇਣ। ਸਗੋਂ ਇਸ ਪ੍ਰਕਾਰ ਸਿਖਿਆ ਦੇਣ ਕਿ ਉਸ ਵਿਚ ਸਰਕਾਰ ਤੋਂ ਆਪਣੇ ਉਚਿਤ ਅਧਿਕਾਰ ਪ੍ਰਾਪਤ ਕਰਨ ਦੀ ਤਾਕਤ ਪੈਦਾ ਹੋਏ।" ਤਾਂ ਵੱਲਭਭਾਈ ਦੇ ਮਨ ਵਿਚ ਉਤਸਾਹ-ਪੂਰਣ ਹਲਚਲ ਮੱਚ ਗਈ। ਇਹ ਕਿਹੋ ਜਿਹਾ ਆਦਮੀ ਹੈ ਜਿਹੜਾ ਭਿੱਖ ਮੰਗਣ ਤੋਂ ਇਨਕਾਰ ਕਰਦਾ ਹੈ ਅਤੇ ਪਰਜਾ ਦੇ ਨਾਤੇ ਆਪਣੇ ਅਧਿਕਾਰ ਪ੍ਰਾਪਤ ਕਰਨ ਦੀ ਤਾਕਤ ਪ੍ਰਾਪਤ ਕਰਨ ਲਈ ਕਹਿੰਦਾ ਹੈ।

ਨਵੰਬਰ, 1917 ਵਿਚ ਗੋਧਰਾ ਵਿਚ ਗੁਜਰਾਤ ਰਾਜਸੀ ਪ੍ਰੀਸ਼ਦ ਹੋਈ। ਇਸ ਵਿਚ ਵਗਾਰ ਸੰਬੰਧੀ ਇਕ ਮਤਾ ਪਾਸ ਹੋਇਆ। ਇਹ ਪ੍ਰਥਾ ਉਹਨਾਂ ਨੂੰ ਬਹੁਤ ਰੜਕਦੀ ਸੀ। ਇਸ ਪ੍ਰਥਾ ਦੇ ਕਾਰਣ ਗਰੀਬ ਲੋਕਾਂ ਨੂੰ ਜੋ ਕਸ਼ਟ ਹੁੰਦੇ ਸਨ ਉਹ ਉਹਨਾਂ ਨੇ ਵੇਖੇ ਸਨ। ਇਸ ਲਈ ਉਹਨਾਂ ਨੇ ਇਸ ਪ੍ਰਥਾ ਨੂੰ ਹਟਵਾਉਣ ਦਾ ਕੰਮ ਆਪਣੇ ਹੱਥ ਵਿਚ ਲੈ ਲਿਆ। ਇਥੋਂ ਹੀ ਉਹਨਾਂ ਦੇ ਲੋਕ ਜੀਵਨ ਦਾ ਆਰੰਭ ਹੁੰਦਾ ਹੈ।

ਇਸੇ ਸਮੇਂ ਜ਼ਿਆਦਾ ਵਰਖਾ ਦੇ ਕਾਰਣ ਖੇੜਾ ਜ਼ਿਲ੍ਹੇ ਵਿਚ ਫ਼ਸਲ ਬਹੁਤ ਘੱਟ ਹੋਈ ਸੀ ਭਾਵ 25 ਪ੍ਰਤੀਸ਼ਤ ਵੀ ਨਹੀਂ ਹੋਈ ਸੀ। ਸਰਕਾਰ ਮਾਮਲਾ ਨਹੀਂ ਸੀ ਵਸੂਲ ਕਰ ਸਕਦੀ ਪਰ ਉਸ ਨੇ ਝੂਠੇ ਅੰਕੜੇ ਤਿਆਰ ਕੀਤੇ ਅਤੇ ਕਿਹਾ ਕਿ ਫਸਲ 25 ਪ੍ਰਤੀਸ਼ਤ ਤੋਂ ਵੱਧ ਹੋਈ ਹੈ। ਮਾਮਲਾ ਮਾਫ਼ ਨਹੀਂ ਕੀਤਾ ਜਾਏਗਾ। ਕਿਸਾਨ

ਗਾਂਧੀ ਜੀ ਦੇ ਕੋਲ ਪਹੁੰਚੇ । ਉਹਨਾਂ ਨੇ ਆਪ ਇਸ ਗੱਲ ਦੀ ਪੜਤਾਲ ਕੀਤੀ । ਕਿਸਾਨਾਂ ਦੀ ਗੱਲ ਸੱਚ ਸੀ । ਉਸ ਪੜਤਾਲ ਵਿਚ ਵੱਲਭਭਾਈ ਨੇ ਬਹੁਤ ਕੰਮ ਕੀਤਾ । ਏਨਾਂ ਹੀ ਨਹੀਂ ਜਦੋਂ ਉਥੇ ਸਤਿਆਗ੍ਰਹਿ ਸ਼ੁਰੂ ਹੋਇਆ ਤਾਂ ਉਹ ਅੰਤ ਤਕ ਗਾਂਧੀ ਜੀ ਦੇ ਸਹਾਇਕ ਬਣੇ ਰਹੇ । ਉਸ ਸਤਿਆਗ੍ਰਹਿ ਦੇ ਮੁੱਕਣ ਉਤੇ ਗਾਂਧੀ ਜੀ ਨੇ ਉਹਨਾਂ ਲਈ ਕਿਹਾ ਸੀ, "ਮੈਂ ਇਹ ਮੰਨਦਾ ਹਾਂ ਕਿ ਜਦੋਂ ਵੱਲਭਭਾਈ ਨਾਲ ਮੈਂ ਪਹਿਲਾਂ-ਪਹਿਲ ਮਿਲਿਆ ਤਾਂ ਮੈਂ ਸੋਚਿਆ ਸੀ ਕਿ ਇਹ ਅੱਖੜ ਪੁਰਖ ਕੌਣ ਹੋਏਗਾ ਪਰੰਤੂ ਜਦੋਂ ਮੈਂ ਉਹਨਾਂ ਦੇ ਸੰਪਰਕ ਵਿਚ ਆਇਆ ਤਾਂ ਮੈਨੂੰ ਲਗਿਆ ਕਿ ਵੱਲਭਭਾਈ ਤਾਂ ਮੇਰੇ ਲਈ ਜ਼ਰੂਰੀ ਹੈ ।"

ਪ੍ਰਮਹੰਸ ਰਾਮਕ੍ਰਿਸ਼ਨ ਨੇ ਆਪਣੇ ਵਿਵੇਕਾਨੰਦ ਨੂੰ ਪਛਾਣ ਲਿਆ ਸੀ । ਵੱਲਭਕਾਈ ਨੇ ਵਕਾਲਤ ਤੋਂ ਪੈਸਾ ਕਮਾਉਣ ਦੀ ਯੋਜਨਾ ਨੂੰ ਤਿਆਗ ਕੇ ਨਿਰੋਲ ਲੋਕ-ਸੇਵਾ ਦਾ ਧਰਮ ਅਪਣਾ ਲਿਆ । ਉਸਦੇ ਮਗਰੋਂ ਜਦੋਂ 1919 ਵਿਚ ਰੋਲਟ ਐਕਟ ਦੇ ਵਿਰੁੱਧ ਗਾਂਧੀ ਜੀ ਨੇ ਦੇਸ਼-ਵਿਆਪੀ ਸਤਿਅਗ੍ਰਹਿ ਅੰਦੋਲਨ ਸ਼ੁਰੂ ਕੀਤਾ ਤਾਂ ਉਹਨਾਂ ਨੇ ਘਰ-ਘਾਟ ਸਭ ਕੁਝ ਤਿਆਗ ਦਿਤਾ । ਅਹਿਮਦਾਬਾਦ ਮਿਊਂਸਿਪਲ ਕਮੇਟੀ ਦੇ ਮੈਂਬਰ ਵਜੋਂ ਉਹਨਾਂ ਨੇ ਸਰਕਾਰ ਨਾਲ ਮੁੜ-ਮੁੜ ਲੋਹਾ ਲਿਆ ਅਤੇ ਜਨਤਾ ਵਿਚ ਜਾਨ ਪਾਈ । ਉਹਦੇ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਦੇ ਲਈ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ ।

ਬਹੁਤ ਜਲਦੀ ਹੀ ਉਹ ਗੁਜਰਾਤ ਵਿਚ ਗਾਂਧੀ ਜੀ ਦੇ ਪ੍ਰਧਾਨ ਸ਼ਗਿਰਦ ਦੇ ਰੂਪ ਵਿਚ ਮਸ਼ਹੂਰ ਹੋ ਗਏ । ਜਦੋਂ ਨਾ-ਮਿਲਵਰਤਣ ਅੰਦੋਲਨ ਵਿਚ ਅੰਗਰੇਜ਼ੀ ਵਿਦਿਆ-ਪ੍ਰਣਾਲੀ ਦੇ ਅਨੁਸਾਰ ਚੱਲਣ ਵਾਲੇ ਸਕੂਲ-ਕਾਲਜਾਂ ਦੇ ਬਾਈਕਾਟ ਦੀ ਗੱਲ ਜਨਤਾ ਦੇ ਸਾਹਮਣੇ ਆਈ ਤਾਂ ਗੁਜਰਾਤ ਕਾਲਜ ਦੇ ਵਿਦਿਆਰਥੀਆਂ ਨੇ ਇਕ ਸਭਾ ਵਿਚ ਉਹਨਾਂ ਤੋਂ ਪੁੱਛਿਆ, "ਅਸੀਂ ਕਾਲਜ ਦੀ ਵਿਦਿਆ ਨੂੰ ਛੱਡ ਕੇ ਜੇਕਰ ਗੁਜਰਾਤ ਵਿਦਿਆਪੀਠ ਵਿਚ ਆਏ ਤਾਂ ਉਥੇ ਸਾਨੂੰ ਕਿਹੋ ਜਿਹੀ ਵਿਦਿਆ ਮਿਲੇਗੀ ।"

ਵੱਲਭਭਾਈ ਨੇ ਜਵਾਬ ਦਿਤਾ, "ਗੁਜਰਾਤ ਵਿਦਿਆਪੀਠ ਜੇਕਰ ਗੁਜਰਾਤ ਕਾਲਜ ਵਿਚ ਤੁਸੀਂ ਜੋ ਕੁਝ ਪੜ੍ਹਿਆ ਹੈ ਉਹਨੂੰ ਭੁਲ ਜਾਣ ਦੀ ਸਿਖਿਆ ਦਏ ਤਾਂ ਉਹ ਕਾਫੀ ਹੋਏਗੀ ।"

ਅੰਗਰੇਜ਼ੀ ਵਿਦਿਆ ਦੇ ਬਾਈਕਾਟ ਅੰਦੋਲਨ ਦੇ ਚਲਦੇ-ਚਲਦੇ ਹੀ ਨਾਗਪੁਰ ਵਿਚ ਝੰਡਾ ਸੱਤਿਆਗ੍ਰਹਿ ਸ਼ੁਰੂ ਹੋ ਗਿਆ । ਕੁਝ ਨਾਗਰਿਕ ਕੌਮੀ ਝੰਡੇ ਦੇ ਨਾਲ ਸਿਵਲ ਲਾਈਨਜ਼ ਵਿਚ ਜਾ ਰਹੇ ਸਨ ਕਿ ਪੁਲੀਸ ਨੇ ਉਹਨਾਂ ਨੂੰ ਰੋਕ ਦਿਤਾ । ਸੇਠ

ਜਮਨਾ ਲਾਲ ਬਜਾਜ ਇਸ ਅਪਮਾਨ ਨੂੰ ਸਹਿ ਨਾ ਸਕੇ। ਇਹ ਨਾਗਰਿਕ ਸੁਤੰਤਰਤਾ ਦਾ ਖੰਡਨ ਸੀ। ਗਾਂਧੀ ਜੀ ਉਦੋਂ ਜੇਲ੍ਹ ਵਿਚ ਸਨ। ਜਮਨਾਲਾਲ ਜੀ ਨੇ ਨਿਸਚਾ ਕੀਤਾ ਕਿ ਉਹ ਇਸ ਹੁਕਮ ਦਾ ਵਿਰੋਧ ਕਰਨਗੇ। ਉਹ ਝੰਡਾ ਲੈ ਕੇ ਸਿਵਿਲ ਲਾਈਨਜ਼ ਗਏ ਅਤੇ ਗ੍ਰਿਫ਼ਤਾਰ ਹੋ ਗਏ। ਉਸਦੇ ਮਗਰੋਂ ਕਾਂਗਰਸ ਨੇ ਗੰਭੀਰਤਾ ਨਾਲ ਇਸ ਸਵਾਲ ਤੇ ਵਿਚਾਰ ਕੀਤਾ ਅਤੇ ਸਤਿਆਗ੍ਰਿਹ ਦਾ ਐਲਾਨ ਕਰ ਦਿਤਾ। ਇਸਦੇ ਲਈ ਇਕ ਅਨੁਭਵੀ ਆਗੂ ਦੀ ਲੋੜ ਸੀ। ਉਹਨੇ ਵੱਲਭਭਾਈ ਨੂੰ ਹੀ ਇਸ ਪਦਵੀ ਦੇ ਲਈ ਚੁਣਿਆ।

ਇਸ ਸਮੇਂ ਦੇਸ਼ ਵਿਚ ਸਵਰਾਜ ਪਾਰਟੀ ਦਾ ਜਨਮ ਹੋ ਚੁਕਿਆ ਸੀ। ਗਾਂਧੀ ਜੀ ਚੌਰੀਚੋਰਾ ਕਾਂਡ ਦੇ ਮਗਰੋਂ ਅੰਦੋਲਨ ਵਾਪਸ ਲੈ ਚੁਕੇ ਸਨ। ਲੋਕ ਇਹ ਸਮਝਣ ਲਗੇ ਸਨ ਕਿ ਭਾਰਤ ਵਿਚ ਸੱਤਿਆਗ੍ਰਹਿ ਅੰਦੋਲਨ ਸਫਲ ਨਹੀਂ ਹੋ ਸਕਦਾ। ਵਿਧਾਨ ਸਭਾਵਾਂ ਵਿਚ ਜਾ ਕੇ ਹੀ ਵਿਧਾਨਕ ਅੰਦੋਲਨ ਕੀਤੇ ਜਾਣੇ ਚਾਹੀਦੇ ਹਨ।

ਪਰੰਤੂ ਵੱਲਭਭਾਈ ਨੇ ਆਪਣੀ ਯੋਜਨਾ ਅਜਿਹੀ ਸਿਆਣਪ ਨਾਲ ਤਿਆਰ ਕੀਤੀ ਕਿ ਸਾਰੇ ਸੂਬਿਆਂ ਦੇ ਲੋਕ ਦਲ ਬਣਾ ਕੇ ਸੱਤਿਆਗ੍ਰਹਿ ਵਿਚ ਹਿੱਸਾ ਲੈਣ ਨਾਗਪੁਰ ਆਉਣ ਲੱਗੇ। ਸਾਰਾ ਦੇਸ਼ ਜਾਗ ਪਿਆ। ਸਰਦਾਰ ਨੇ ਇਸੇ ਵਕਤ ਇਕ ਭਾਸ਼ਣ ਦਿਤਾ ਜਿਸਦਾ ਨਿਚੋੜ ਇਹ ਸੀ ਕਿ ਕੌਮੀ ਝੰਡੇ ਨਾਲ ਜਲੂਸ ਕੱਢਣ ਦਾ ਉਦੇਸ਼ ਯੂਨੀਅਨ ਜੈਕ ਦਾ ਅਪਮਾਨ ਜਾਂ ਕਿਸੇ ਨੂੰ ਦੁੱਖ ਪਹੁੰਚਾਉਣਾ ਨਹੀਂ ਹੈ। ਇਹ ਤਾਂ ਭਾਰਤੀ ਜਨਤਾ ਦੇ ਬੁਨਿਆਦੀ ਹੱਕਾਂ ਦੀ ਰੱਖਿਆ ਦਾ ਸਵਾਲ ਹੈ।

ਹੁਣ ਸਰਕਾਰ ਦੇ ਸਾਹਮਣੇ ਕੋਈ ਰਾਹ ਨਹੀਂ ਰਿਹਾ ਸੀ। ਉਹਨੂੰ ਸਮਝੌਤਾ ਕਰਨਾ ਪਿਆ। ਉਹਨੇ ਕੌਮੀ ਝੰਡੇ ਨਾਲ ਸਿਵਲ ਲਾਈਨਜ਼ ਵਿਚ ਜਲੂਸ ਕੱਢਣ ਅਤੇ ਸੱਤਿਆਗ੍ਰਹਿ ਕਰਨ ਵਾਲੇ ਕੈਦੀਆਂ ਨੂੰ ਜੇਲ੍ਹ 'ਚੋਂ ਛੱਡਣ ਦੀ ਗੱਲ ਮੰਨ ਲਈ।

ਨਾਗਪੁਰ ਝੰਡਾ-ਸੱਤਿਆਗ੍ਰਹਿ ਦੇ ਮਗਰੋਂ ਬੋਰਸਦ ਤਾਲੁੱਕੇ ਵਿਚ ਮੁੰਡਕਰ ਅੰਦੋਲਨ ਦੀ ਅਗਵਾਈ ਵੀ ਸਰਦਾਰ ਨੇ ਹੀ ਕੀਤੀ। ਡਾਕੂਆ ਤੋਂ ਜਨਤਾ ਦੀ ਰਾਖੀ ਕਰਨ ਲਈ ਸਰਕਾਰ ਨੇ ਦੂਜੇ ਸੂਬੇ ਦੇ ਚਾਰ ਸੌ ਪੁਲੀਸ ਦੇ ਸਿਪਾਹੀ ਉਥੇ ਤੈਨਾਤ ਕੀਤੇ ਸਨ। ਉਹਨਾਂ ਤੇ ਜਿਹੜਾ ਖਰਚ ਆਉਂਦਾ ਸੀ ਉਹ ਟੈਕਸ ਦੇ ਰੂਪ ਵਿਚ ਜਨਤਾ ਤੋਂ ਵਸੂਲ ਕਰਨ ਦੀ ਵਿਵਸਥਾ ਸੀ। ਉਹ ਮੁੰਡਕਰ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ। ਸਰਕਾਰ ਦਾ ਕਹਿਣਾ ਸੀ ਕਿ ਜਨਤਾ ਅਪਰਾਧੀਆਂ ਦਾ ਸਾਥ ਦਿੰਦੀ ਹੈ, ਇਸ ਲਈ ਖਰਚ ਉਹਨੂੰ ਹੀ ਦੇਣਾ ਚਾਹੀਦਾ ਹੈ।

ਡਾਕੂ ਤਾਂ ਸਰਕਾਰ ਦੀ ਨੀਤੀ ਤੋਂ ਹੀ ਪੈਦਾ ਹੁੰਦੇ ਹਨ। ਜਨਤਾ ਟੈਕਸ ਕਿਉਂ

ਦੇਵੇ ? ਇਸੇ ਗੱਲ ਨੂੰ ਲੈ ਕੇ ਉਹ ਵੱਲਭਭਾਈ ਦੇ ਕੋਲ ਪਹੁੰਚੇ। ਪੜਤਾਲ ਦੇ ਮਗਰੋਂ ਹੋਰ ਵੀ ਹੈਰਾਨਕੁਨ ਗੱਲਾਂ ਦਾ ਪਤਾ ਲਗਾ। ਤਾਂ ਇਕ ਸਭਾ ਵਿਚ ਉਹਨਾਂ ਨੇ ਫੈਸਲਾ ਕੀਤਾ ਕਿ ਇਹ ਟੈੱਕਸ ਅਨਿਆਂ-ਪੂਰਣ ਹੈ। ਸਾਨੂੰ ਇਹ ਅਦਾ ਨਹੀਂ ਕਰਨਾ ਚਾਹੀਦਾ। ਸਰਕਾਰ ਦਬਾਉਣ ਦੇ ਲਈ ਜੋ ਕੁਝ ਕਰੇ ਉਹਨੂੰ ਸਹਿਣਾ ਚਾਹੀਦਾ ਹੈ।

ਇਹ ਸੱਤਿਆਗ੍ਰਹਿ ਦਾ ਆਰੰਭ ਸੀ। ਸਰਕਾਰ ਨੇ ਸਖ਼ਤ ਤੋਂ ਸਖ਼ਤ ਕਦਮ ਚੁੱਕੇ। ਕੁਰਕੀ ਕਰਨ ਦੇ ਹੁਕਮ ਜਾਰੀ ਕੀਤੇ ਪਰੰਤੂ ਅਧਿਕਾਰੀਆਂ ਦੇ ਪਹੁੰਚਣ ਤਕ ਪਿੰਡ ਵਿਚ ਸੁੰਨਸਾਨ ਹੋ ਜਾਂਦੀ ਸੀ। ਬਜ਼ਾਰ ਰਾਤ ਨੂੰ ਲਗਦੇ ਸਨ। ਅਜਿਹੇ ਸ਼ਾਂਤ ਸੱਤਿਆਗ੍ਰਹਿ ਨੂੰ ਦੇਖ ਕੇ ਸਰਕਾਰ ਦੋ ਮਹੀਨੇ ਵਿਚ ਹੀ ਪ੍ਰੇਸ਼ਾਨ ਹੋ ਗਈ। ਸਰਦਾਰ ਜਨਤਾ ਨੂੰ ਤਾਂ ਸ਼ਾਂਤ ਅਤੇ ਸੱਚੇ ਬਣਨ ਲਈ ਕਹਿੰਦੇ ਹੀ ਸਨ ਸਗੋਂ ਅਪਰਾਧੀਆਂ (ਡਾਕੂਆਂ) ਨੂੰ ਵੀ ਕਹਿੰਦੇ ਸਨ, "ਇਹ ਤਾਂ ਇਕ ਯੱਗ ਦਾ ਆਰੰਭ ਹੈ। ਇਹ ਸ਼ੁੱਧੀ ਦਾ ਯੱਗ ਹੈ। ਕੋਈ ਇਹਨੂੰ ਬੁਰੇ ਕੰਮਾਂ ਨਾਲ ਭ੍ਰਿਸ਼ਟ ਨਾ ਕਰੇ। ਅਪਰਾਧੀ ਭਰਾਵਾਂ ਨੂੰ ਜਨਤਾ ਨੂੰ ਸਤਾਉਣ ਅਤੇ ਪ੍ਰੇਸ਼ਾਨ ਕਰਨ ਦਾ ਕੰਮ ਛੱਡ ਦੇਣਾ ਚਾਹੀਦਾ ਹੈ। ਉਹਨਾਂ ਨੂੰ ਸ਼ੁੱਧਤਾ ਨਾਲ ਇਸ ਯੱਗ ਵਿਚ ਹਿੱਸਾ ਲੈਣਾ ਚਾਹੀਦਾ ਹੈ। ਅਤੇ ਜੇ ਉਹ ਅਜਿਹਾ ਨਾ ਕਰ ਸਕਣ ਤਾਂ ਉਹਨਾਂ ਨੂੰ ਸੱਤਿਆਗ੍ਰਹਿ ਵਾਲੇ ਪਿੰਡਾਂ ਨੂੰ ਛੱਡ ਕੇ ਹੋਰ ਕਿਤੇ ਨੱਸ ਜਾਣਾ ਚਾਹੀਦਾ ਹੈ।"

ਸੱਚਮੁੱਚ ਉਸਦੇ ਮਗਰੋਂ ਡਾਕੂ ਬੋਰਸਦ ਤਾਲੁਕੇ ਦੇ ਕਿਸੇ ਪਿੰਡ ਵਿਚ ਨਜ਼ਰ ਨਹੀਂ ਆਏ। ਸਰਦਾਰ ਨੇ ਸਰਕਾਰ ਤੇ ਵੀ ਜ਼ੋਰਦਾਰ ਵਾਰ ਕੀਤੇ। ਉਹਨਾਂ ਨੇ ਕਿਹਾ, "ਸਰਕਾਰ ਨੇ ਇਕ ਬਦਨਾਮ ਡਾਕੂ ਨੂੰ ਫੜਨ ਲਈ, ਦੂਜੇ ਉਨੇ ਹੀ ਬਦਨਾਮ ਡਾਕੂ ਦੀ ਮਦਦ ਲਈ ਅਤੇ ਉਹਨੂੰ ਜ਼ਰੂਰੀ ਹਥਿਆਰ ਬੰਦੂਕ ਵਗੈਰਾ ਦੇ ਕੇ ਮਨਚਾਹੇ ਢੰਗ ਨਾਲ ਲੁਟ-ਮਾਰ ਕਰਨ ਦਿਤੀ, ਪਰਜਾ ਨੂੰ ਸਤਾਉਣ ਦਿਤਾ ਅਤੇ ਕਤਲ ਕਰਨ ਦਿਤੇ—ਇਹ ਖੁਲ੍ਹਾ ਇਲਜ਼ਾਮ ਮੈਂ ਸਰਕਾਰ ਤੇ ਲਗਾਉਂਦਾ ਹਾਂ। ਸਰਕਾਰ ਹੀ ਡਾਕੂਆਂ ਨੂੰ ਪੈਦਾ ਕਰਨ ਵਾਲੀ ਹੈ। ਸਰਕਾਰ ਹੀ ਉਹਨਾਂ ਦਾ ਰਾਹ ਬਣਾਉਣ ਵਾਲੀ ਹੈ। ਹੁਣ ਇਹੀ ਸਰਕਾਰ ਨਿਰਦੋਸ਼ ਪਰਜਾ ਤੋਂ ਦੰਡ ਦੇ ਰੂਪ ਵਿਚ ਟੈੱਕਸ ਵਸੂਲ ਕਰਨ ਲਈ ਉਹਨਾਂ ਤੇ ਜ਼ੁਰਮ ਕਰਦੀ ਹੈ। ਚੋਰੀ ਕਰਨ ਵਾਲਾ ਚੋਰ, ਉਸਦਾ ਨਿਆਂ ਕਰਨ ਵਾਲੇ ਨਿਆਂ-ਕਰਤਾ ਨੂੰ ਹੀ ਸਜ਼ਾ ਦੇਵੇ—ਇਹ ਇਸਦੀ ਢੁੱਕਵੀਂ ਮਿਸਾਲ ਹੈ।"

ਹੁਣ ਸਰਕਾਰ ਤ੍ਰਭਕੀ। ਉਸਨੇ ਪੜਤਾਲ ਲਈ ਹੋਮ ਸੈਕਟਰੀ ਨੂੰ ਭੇਜਿਆ। ਉਹਨੇ ਜੋ ਕੁਝ ਵੇਖਿਆ ਅਤੇ ਸੁਣਿਆਂ ਉਸ ਤੋਂ ਉਸ ਨੂੰ ਜਨਤਾ ਦੇ ਨਿਰਦੋਸ਼ ਹੋਣ ਦਾ ਵਿਸ਼ਵਾਸ ਹੋ ਗਿਆ। ਉਹਨੇ ਹੁਕਮ ਦਿਤਾ ਕਿ ਮੁੰਡਕਰ ਰੱਦ ਕਰ ਦਿਤਾ ਜਾਏ।

ਜਿਹੜਾ ਸਮਾਨ ਜ਼ਬਤ ਕੀਤਾ ਗਿਆ ਹੈ ਉਹ ਜਿਸ ਦਾ ਹੈ ਉਹਨੂੰ ਮੋੜ ਦਿਤਾ ਜਾਏ।

ਸੰਨ ੧੯੨੭ ਵਿਚ ਜਦੋਂ ਗੁਜਰਾਤ ਵਿਚ ਭਿਆਨਕ ਹੜ੍ਹ ਆਇਆ ਤਾਂ ਸਰਦਾਰ ਅਹਿਮਦਾਬਾਦ ਨਗਰਪਾਲਿਕਾ ਅਤੇ ਪ੍ਰਾਂਤਿਕ ਕਾਂਗਰਸ ਦੋਵਾਂ ਦੇ ਚੇਅਰਮੈਨ ਸਨ। ਉਸ ਸਮੇਂ ਉਹਨਾਂ ਨੇ ਜਿਸ ਤਰ੍ਹਾਂ ਕੰਮ ਕੀਤਾ ਉਸਦੀ ਚਰਚਾ ਕੀਤੀ ਜਾ ਚੁਕੀ ਹੈ। ਪਰੰਤੂ ਇਥੇ ਹੀ ਬੱਸ ਨਹੀਂ। ਉਹਨਾਂ ਨੇ ਉਥੋਂ ਦੇ ਤਰਸਯੋਗ ਹਾਲਾਤ ਦਾ ਵਰਣਨ ਵੱਡੇ ਭਰਾ ਵਿੱਠਲਭਾਈ ਨੂੰ ਵੀ ਭੇਜ ਦਿਤਾ ਸੀ। ਉਹ ਉਦੋਂ ਕੇਂਦਰੀ ਅਸੈਂਬਲੀ ਦੇ ਚੇਅਰਮੈਨ ਸਨ। ਉਹਨੂੰ ਪੜ੍ਹ ਕੇ ਉਹਨਾਂ ਨੂੰ ਬਹੁਤ ਅਫ਼ਸੋਸ ਹੋਇਆ। ਉਹਨਾਂ ਨੇ ਵਾਇਸਰਾਏ ਲਾਰਡ ਇਰਵਨ ਨੂੰ ਗੁਜਰਾਤ ਜਾ ਕੇ ਆਪਣੀ ਅੱਖੀਂ ਸਭ ਕੁਝ ਵੇਖਣ ਦੀ ਸਲਾਹ ਦਿਤੀ।

ਵਾਇਸਰਾਏ ਗਏ। ਸਭ ਕੁਝ ਵੇਖਿਆ। ਵੱਲਭਭਾਈ ਨੂੰ ਵੀ ਮਿਲੇ। ਸਿੱਟਾ ਇਹ ਹੋਇਆ ਕਿ ਉਹਨਾਂ ਨੂੰ ਇਕ ਕਰੋੜ ਰੁਪਏ ਦੀ ਰਕਮ ਢੱਠੇ ਹੋਏ ਮਕਾਨਾਂ ਨੂੰ ਮੁੜ ਉਸਾਰਨ ਲਈ ਮਿਲ ਗਈ। ਵਿਰੋਧੀ ਸਰਕਾਰ ਤੋਂ ਏਨੀ ਵੱਡੀ ਰਕਮ ਲੈ ਲੈਣਾ ਅਨਹੋਣੀ ਗੱਲ ਸੀ।

ਇਸ ਕੰਮ ਨਾਲ ਜਨਤਾ ਦਾ ਹੌਂਸਲਾ ਤਾਂ ਵਧਿਆ ਹੀ, ਗਾਂਧੀ ਜੀ ਨੇ ਵੀ ਸੇਵਾ ਭਾਵਨਾ ਦੀ ਇਸ ਜਿੱਤ ਨੂੰ ਸੱਚ ਅਤੇ ਅਹਿੰਸਾ ਦੀ ਜਿੱਤ ਮੰਨਿਆ।

ਬਾਰਦੋਲੀ ਦੇ ਸਰਦਾਰ

ਵੱਲਭਭਾਈ ਦਾ ਜੀਵਨ ਹੁਣ ਤਕ ਪੂਰਣ ਰੂਪ ਨਾਲ ਲੋਕ ਹਿਤੂ ਬਣ ਚੁੱਕਿਆ ਸੀ ਪਰੰਤੂ ਉਨ੍ਹਾਂ ਨੂੰ ਜਿਸ ਨੇ 'ਸਰਦਾਰ' ਬਣਾਇਆ ਉਹ ਅੰਦੋਲਨ ਬਾਰਦੋਲੀ ਵਿਚ ਸੰਨ 1928 ਵਿਚ ਹੋਇਆ।

ਨਾਮਿਲਵਰਤਨ ਅੰਦੋਲਨ ਦੇ ਮੁੱਢਲੇ ਦੌਰ ਵਿਚ ਗਾਂਧੀ ਜੀ ਨੇ ਬਾਰਦੌਲੀ ਨੂੰ ਹੀ ਕੇਂਦਰ ਬਣਾਉਣ ਦਾ ਨਿਸਚੇ ਕੀਤਾ ਸੀ ਪਰ ਚੌਰੀਚੌਰਾ ਦੀ ਘਟਨਾ ਦੇ ਮਗਰੋਂ ਉਨ੍ਹਾਂ ਨੂੰ ਇਸ ਫੈਸਲੇ ਨੂੰ ਮੁਲਤਵੀ ਕਰਨਾ ਪਿਆ। ਫੇਰ ਵੀ ਸਰਕਾਰ ਦੀ ਕਰੜੀ ਨਜ਼ਰ ਤਾਂ ਉਸ ਤੇ ਪੈ ਹੀ ਚੁੱਕੀ ਸੀ। ਇਸ ਲਈ ਜਦੋਂ ਸੰਨ 1928 ਵਿਚ ਇਸ ਇਲਾਕੇ ਦਾ ਰਵੀਜ਼ਨ ਸੈਟਲਮੈਂਟ ਹੋਇਆ ਤਾਂ ਉਸਦਾ ਮਾਮਲਾ 22 ਫੀ ਸਦੀ ਵਧਾ ਦਿਤਾ ਗਿਆ।

ਪਰਜਾ ਨੇ ਇਸਦਾ ਵਿਰੋਧ ਕੀਤਾ। ਉਹਦੇ ਨੁਮਾਇੰਦਿਆਂ ਦਾ ਇਕ ਸਮੂਹ ਸਰਕਾਰ ਨੂੰ ਮਿਲਿਆ। ਪਰੰਤੂ ਕਿਸੇ ਨੇ ਉਨ੍ਹਾਂ ਦੀ ਗੱਲ ਨਾ ਸੁਣੀ। ਉਨ੍ਹਾਂ ਦਾ ਉੱਤਰ ਸੀ ਕਿ ਮਾਲ ਵਿਭਾਗ ਦੇ ਫੈਸਲੇ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਹੋ ਸਕਦੀ।

ਅਖ਼ੀਰ ਉਹ ਲੋਕ ਵੱਲਭਭਾਈ ਦੇ ਕੋਲ ਪਹੁੰਚੇ। ਪੂਰੀ ਪੜਤਾਲ ਕਰਨ ਮਗਰੋਂ ਸਰਦਾਰ ਨੇ ਗਾਂਧੀ ਜੀ ਨੂੰ ਕਿਹਾ, "ਮੈਂ ਸਾਰੇ ਮਾਮਲੇ ਦੀ ਪੜਤਾਲ ਕਰ ਲਈ ਹੈ। ਮੈਨੂੰ ਲੜਾਈ ਛੇੜਨਾ ਉਚਿਤ ਲਗਦਾ ਹੈ।"

ਗਾਂਧੀ ਜੀ ਦਾ ਜੁਆਬ ਸੀ, "ਤਦ ਤਾਂ ਮੈਨੂੰ ਇਹੀ ਕਾਮਨਾ ਕਰਨੀ ਚਾਹੀਦੀ ਹੈ ਕਿ ਜੇਤੂ ਗੁਜਰਾਤ ਦੀ ਜੈ ਹੋਏ।"

ਸਰਦਾਰ ਕਿਵੇਂ ਪਰੀਖਿਆ ਲੈਂਦੇ ਸਨ। ਇਕ ਵੱਡੇ ਆਗੂ ਅਤੇ ਜ਼ਿਮੀਂਦਾਰ ਤੋਂ ਉਨ੍ਹਾਂ ਨੇ ਪੁੱਛਿਆ, "ਤੁਹਾਡੀ ਕੀ ਰਾਏ ਹੈ?"

ਉਹ ਬੋਲਿਆ, "ਚਾਰ ਆਦਮੀ ਵੀ ਸੱਚੇ ਹੋਣਗੇ ਤਾਂ ਸਾਰਾ ਤਾਲੁਕਾ ਉਨ੍ਹਾਂ ਦੇ ਨਾਲ ਹੋਏਗਾ।"

"ਉਨ੍ਹਾਂ ਵਿਚ ਤੁਸੀਂ ਸ਼ਾਮਲ ਹੋ?"

"ਨਹੀਂ ਸਾਹਿਬ । ਮੈਂ ਤਾਂ ਉਨ੍ਹਾਂ ਚਾਰ ਦੇ ਪਿਛੇ ਚੱਲਣ ਵਾਲਾ ਹਾਂ ।"

ਵੱਲਭਭਾਈ ਕਹਿਣ ਲਗੇ, "ਅਜਿਹੇ ਚਾਰ ਆਗੂ ਖੜੇ ਹੋ ਜਾਣ ਜਿਹੜੇ ਮਸੂਲ-ਵਾਧੇ ਦੇ ਖਿਲਾਫ਼ ਲੜੀ ਜਾਣ ਵਾਲੀ ਲੜਾਈ ਵਿਚ ਮਰਣ ਖੱਪਣ ਨੂੰ ਤਿਆਰ ਹੋਣ ।"

ਪਲ ਵਿਚ ਹੀ ਚਾਰ ਆਦਮੀ ਖੜੇ ਹੋ ਗਏ ।

ਫੇਰ ਵੀ ਸਰਦਾਰ ਆਪਣੇ ਭਾਸ਼ਣਾਂ ਵਿਚ ਵਾਰ-ਵਾਰ ਕਹਿੰਦੇ ਸਨ, "ਮੇਰੇ ਨਾਲ ਠੱਠਾ-ਮਖ਼ੌਲ ਨਹੀਂ ਹੋ ਸਕਦਾ । ਬਿਨਾਂ ਖ਼ਤਰੇ ਦੇ ਕੰਮ ਨੂੰ ਮੈਂ ਹੱਥ ਨਹੀਂ ਪਾਉਂਦਾ । ਜਿਹੜੇ ਖ਼ਤਰਾ ਸਹੇੜਨ ਨੂੰ ਤਿਆਰ ਹੋਣ ਉਨ੍ਹਾਂ ਨਾਲ ਮੈਂ ਖੜਾ ਰਹਾਂਗਾ । ਤੁਸੀਂ ਹਾਰੋਗੇ ਤਾਂ ਸਭ ਦਾ ਭਵਿਖ ਵਿਗੜੇਗਾ ।"

ਉਨ੍ਹਾਂ ਨੇ ਸਰਕਾਰ ਨਾਲ ਵੀ ਗੱਲਬਾਤ ਕੀਤੀ ਪਰ ਉਹ ਕਦੋਂ ਸੁਣਨ ਵਾਲੀ ਸੀ । ਅਖ਼ੀਰ (12 ਫਰਵਰੀ, 1928 ਨੂੰ) ਕਿਸਾਨਾਂ ਦੀ ਇਕ ਸਭਾ ਵਿਚ ਸਰਬ-ਸੰਮਤੀ ਨਾਲ ਸੱਤਿਆਗ੍ਰਹਿ ਅੰਦੋਲਨ ਸ਼ੁਰੂ ਕਰਨ ਦਾ ਸੁਝਾਅ ਪ੍ਰਵਾਨ ਕੀਤਾ ਗਿਆ, "ਸਰਕਾਰ ਜ਼ਮੀਨ-ਮਸੂਲ ਵਾਧੇ ਦੀ ਮੁੜ ਤੋਂ ਪੜਤਾਲ ਕਰਾਉਣ ਲਈ ਤਿਆਰ ਨਾ ਹੋਏ ਤਦ ਤਕ ਉਸਨੂੰ ਇਕ ਪਾਈ ਵੀ ਮਸੂਲ ਨਾ ਦਿਤਾ ਜਾਏ । ਉਸਦੇ ਸਿੱਟੇ ਵਜੋਂ ਸਰਕਾਰ ਜ਼ਬਤੀ ਕਰੇ, ਜ਼ਮੀਨ ਖੋਹ ਲਏ ਜਾਂ ਹੋਰ ਜਿਹੜੇ ਵੀ ਕਦਮ ਚੁੱਕੇ ਤਾਂ ਉਨ੍ਹਾਂ ਤੋਂ ਹੋਣ ਵਾਲੇ ਸਾਰੇ ਕਸ਼ਟ ਸਹੇ ਜਾਣ ।"

ਇਕ ਪਾਸੇ ਤਾਕਤਵਰ ਸਰਕਾਰ ਸੀ ਦੂਜੇ ਪਾਸੇ ਅਹਿੰਸਕ ਕਿਸਾਨ ਸਨ । ਉਨ੍ਹਾਂ ਦੇ ਜ਼ਬਤ, ਨਿਮਰਤਾ, ਦ੍ਰਿੜਤਾ ਅਤੇ ਸ਼ਰਧਾ ਨੂੰ ਵੇਖਕੇ ਸਰਦਾਰ ਵੀ ਪ੍ਰਸੰਨ ਹੋ ਉੱਠੇ ਸਨ । 'ਟਾਈਮਜ਼ ਇੰਡੀਆ' ਨੇ ਤਾਂ ਸਭ ਕੁਝ ਵੇਖਕੇ ਇਥੋਂ ਤਕ ਲਿਖ ਦਿਤਾ ਸੀ ਕਿ ਬਾਰਦੋਲੀ ਵਿਚ 'ਬੋਲਸ਼ੇਵਿਜ਼ਮ' ਚਲ ਰਿਹਾ ਹੈ ਅਤੇ ਵੱਲਭਭਾਈ ਉਨ੍ਹਾਂ ਦੇ 'ਲੈਨਿਨ' ਹਨ ।

ਸਰਕਾਰ ਨੇ ਜਨਤਾ ਨੂੰ ਸਤਾਉਣ ਵਿਚ ਕੋਈ ਕਸਰ ਨਾ ਛੱਡੀ । ਇਸਤ੍ਰੀਆਂ ਨੂੰ ਵੀ ਨਾ ਬਖ਼ਸ਼ਿਆ । ਘਰ-ਬਾਰ ਲੁੱਟੇ, ਅੱਗਾਂ-ਲਗਾਈਆਂ, ਨੀਲਾਮੀਆਂ ਕੀਤੀਆਂ, ਪਰ ਜਨਤਾ ਅੜੀ ਰਹੀ । ਸਰਦਾਰ ਦਾ ਜ਼ਬਤ ਹੀ ਅਜਿਹਾ ਸੀ । ਸਰਕਾਰ ਦਾ ਜਦੋਂ ਕਿਸੇ ਤਰ੍ਹਾਂ ਵੱਸ ਨਾ ਚੱਲਿਆ ਤਾਂ ਉਹ ਬੌਖਲਾ ਗਈ । ਉਹਨੇ ਮੱਝਾਂ ਤਕ ਨੂੰ ਜੇਲੀਂ ਪਾ ਦਿਤਾ । ਅਜੀਬ-ਹੁਕਮ ਜਾਰੀ ਕੀਤੇ । ਇਕ ਵਿਚ ਕਿਹਾ, "ਆਮ ਰਸਤਿਆਂ ਕੋਲ ਜਾਂ ਗਲੀਆਂ ਵਿਚ ਸਾਰਵਜਨਿਕ ਥਾਵਾਂ ਉਤੇ ਢੋਲ ਵਗੈਰਾ ਵਜਾਉਣਾ ਅਪਰਾਧ ਮੰਨਿਆ ਜਾਏਗਾ ।" ਸਰਦਾਰ ਨੇ ਇਸਦਾ ਖ਼ੂਬ ਮਜ਼ਾਕ ਉਡਾਇਆ । ਕਹਿਣ ਲਗੇ, "ਗੋਲੇ ਬਾਰੂਦਵਾਲੀ ਸਰਕਾਰ ਢੋਲ-ਨਗਾਰਿਆਂ ਤੋਂ ਡਰ ਗਈ । ਹੁਣ ਢੋਲ-ਵਜਾਉਣਾ ਬੰਦ ਕਰ ਦਿਉ । ਅਜਿਹੇ ਹੁਕਮ ਜਾਰੀ ਕਰ ਕੇ ਸਰਕਾਰ ਸਾਨੂੰ ਫਸਾਉਣਾ ਚਾਹੁੰਦੀ ਹੈ ।

ਸਾਨੂੰ ਜਾਗਦੇ ਰਹਿਣਾ ਚਾਹੀਦਾ ਹੈ । ਸਾਨੂੰ ਢੋਲ-ਨਗਾਰਿਆਂ ਨਾਲ ਕੋਈ ਮਤਲਬ ਨਹੀਂ । ਅਸੀਂ ਤਾਂ ਲੋਕਾਂ ਨੂੰ ਮਾਮਲਾ ਨਾ ਦੇਣ ਲਈ ਕਹਿਣਾ ਹੈ ।''

ਇਕ ਦਿਨ ਸਰਦਾਰ ਵਾਲੋਡ ਦੀ ਸਭਾ ਵਿਚ ਇਹੀ ਗੱਲ ਸਮਝਾ ਰਹੇ ਸਨ । ਸਭਾ ਥਾਣੇ ਦੇ ਸਾਹਮਣੇ ਹੋ ਰਹੀ ਸੀ । ਥਾਣੇ ਵਿਚ ਮੱਝਾਂ ਕੈਦ ਸਨ । ਸਰਦਾਰ ਦਾ ਭਾਸ਼ਣ ਖ਼ਤਮ ਹੋਇਆ ਤਾਂ ਮੱਝਾਂ ਅੜਿੰਗਣ ਲੱਗੀਆਂ । ਸਰਦਾਰ ਬੋਲ ਉੱਠੇ ''ਸੁਣੋ ਇਨ੍ਹਾਂ ਮੱਝਾਂ ਦਾ ਅੜਿੰਗਣਾ । ਰਿਪੋਰਟਰੋ, ਰਿਪੋਰਟ ਕਰੋ ਕਿ ਵਾਲੋਡ ਦੇ ਥਾਣੇ ਵਿਚ ਮੱਝਾਂ ਭਾਸ਼ਣ ਦੇ ਰਹੀਆਂ ਹਨ । ਸਾਡੇ ਢੋਲ-ਨਗਾਰਿਆਂ ਨਾਲ ਇਹ ਸਰਕਾਰ ਉਲਟ ਰਹੀ ਹੈ । ਹੁਣ ਇਨ੍ਹਾਂ ਮੱਝਾਂ ਦੀ ਆਵਾਜ਼ ਸੁਣੋ । ਇਹ ਮੱਝਾਂ ਪੁਕਾਰ-ਪੁਕਾਰ ਕੇ ਕਹਿ ਰਹੀਆਂ ਹਨ ਕਿ ਇਸ ਰਾਜ ਵਿਚੋਂ ਇਨਸਾਫ਼ ਮੂੰਹ ਲੁਕਾ ਕੇ ਭੱਜ ਗਿਆ ਹੈ ।''

ਜੇਲ੍ਹ ਦੇ ਹਨੇਰੇ ਵਿਚ ਰਹਿੰਦੇ-ਰਹਿੰਦੇ ਮੱਝਾਂ ਕੁਝ ਚਿੱਟੀਆਂ ਪੈ ਗਈਆਂ ਸਨ ਉਨ੍ਹਾਂ ਨੂੰ ਵੇਖ ਕੇ ਸਰਦਾਰ ਨੇ ਕਿਹਾ, ''ਇਹ ਤਾਂ ਮੇਮਾਂ ਬਣ ਗਈਆਂ, ਯਾਨੀ ਗੋਰਿਆਂ ਦੀ ਜੇਲ੍ਹ ਵਿਚ ਰਹਿੰਦੇ-ਰਹਿੰਦੇ ਕਾਲੀ ਮੱਝ ਵੀ ਗੋਰੀ ਮੇਮ ਵਰਗੀ ਹੋ ਗਈ ।''

ਦਿਨੋਂ ਦਿਨ ਜਨਤਾ ਦਾ ਹੌਂਸਲਾ ਵੱਧ ਰਿਹਾ ਸੀ । ਸਰਕਾਰ ਨਿੱਘਰਦੀ ਜਾ ਰਹੀ ਸੀ । ਉਹ ਸਮਝੌਤੇ ਲਈ ਤਿਆਰ ਸੀ ਪਰ ਉਹ ਕਿਵੇਂ ਹੋਏ । ਇਸੇ ਸਮੇਂ ਸ੍ਰੀ ਕਨਹੀਆ ਲਾਲ ਮੁਨਸ਼ੀ ਬਾਰਦੋਲੀ ਆਏ । ਸਭ ਕੁਝ ਵੇਖਿਆ । ਉਸਦਾ ਪ੍ਰਭਾਵਸ਼ਾਲੀ ਵਰਨਣ ਬੰਬਈ ਦੀ ਸਰਕਾਰ ਨੂੰ ਭੇਜਿਆ—

''ਬਾਰਦੋਲੀ ਤਾਲੁੱਕੇ ਵਿਚ 80,000 ਮਰਦ, ਇਸਤ੍ਰੀਆਂ ਅਤੇ ਬੱਚੇ ਇਕ-ਮੁੱਠੀ ਹੋ ਕੇ ਵਿਰੋਧ ਵਿਖਾਉਣ ਦਾ ਭਿਆਨਕ-ਪ੍ਰਣ ਕਰਕੇ, ਉਸਨੂੰ ਨਿਭਾਉਣ ਦੇ ਲਈ ਦ੍ਰਿੜ-ਨਿਸ਼ਚੇ ਨਾਲ ਖੜੇ ਹਨ । ਤੁਹਾਡੇ ਕੁਰਕੀ ਕਰਨ ਵਾਲੇ ਅਧਿਕਾਰੀਆਂ ਨੂੰ ਉਥੇ ਕੋਈ ਨਾਈ ਤਕ ਨਹੀਂ ਮਿਲਦਾ । ਹਜਾਮਤ ਕਰਾਉਣ ਲਈ ਉਨ੍ਹਾਂ ਵਿਚਾਰਿਆਂ ਨੂੰ ਮੀਲਾਂ ਤਕ ਭਟਕਣਾ ਪੈਂਦਾ ਹੈ । ਤੁਹਾਡੇ ਇਕ ਅਧਿਕਾਰੀ ਦੀ ਮੋਟਰ ਚਿੱਕੜ ਵਿਚ ਫਸ ਗਈ ਸੀ । ਜੇਕਰ ਸ੍ਰੀ ਵੱਲਭਭਾਈ ਉਥੇ ਨਾ ਹੁੰਦੇ ਤਾਂ ਉਸਦੀ ਮੋਟਰ ਉਸ ਚਿੱਕੜ ਵਿਚ ਹੀ ਫਸੀ ਰਹਿੰਦੀ । ਜਿਸ ਆਦਮੀ ਨੂੰ ਹਜ਼ਾਰਾਂ ਦੀ ਕੀਮਤ ਦੀ ਜ਼ਮੀਨ ਨਾ-ਮਾਤਰ ਦੀ ਕੀਮਤ ਤੇ ਵੇਚ ਦਿਤੀ ਗਈ ਹੈ, ਉਹਦੇ ਘਰ ਵਿਚ ਝਾੜੂ ਦੇਣ ਲਈ ਭੰਗੀ ਵੀ ਨਹੀਂ ਮਿਲਦਾ । ਕਲੈਕਟਰ ਨੂੰ ਰੇਲਵੇ ਸਟੇਸ਼ਨ ਤੇ ਕੋਈ ਵੀ ਟਾਂਗਾ, ਬੱਘੀ ਨਹੀਂ ਮਿਲਦੀ । ਸ੍ਰੀ ਵੱਲਭਭਾਈ ਦੀ ਇਜਾਜ਼ਤ ਤੇ ਹੀ ਕੋਈ ਸੁਆਰੀ ਉਹਨੂੰ ਮਿਲ ਸਕਦੀ ਹੈ । ਮੈਂ ਜਿਸ ਪਿੰਡ ਵਿਚ ਗਿਆ ਸੀ ਉਸ ਵਿਚ ਮੈਨੂੰ ਇਕ ਵੀ ਮਰਦ ਜਾਂ ਇਸਤ੍ਰੀ ਅਜਿਹੀ ਨਹੀਂ ਮਿਲੀ, ਜਿਹੜੀ ਆਪਣੇ ਕੀਤੇ ਹੋਏ ਫੈਸਲੇ ਲਈ ਦੁਖੀ ਹੋਏ

ਅਰਥਾਤ ਆਪਣੇ ਸਵੀਕਾਰ ਕੀਤੇ ਹੋਏ ਧਰਮ-ਮਾਰਗ ਤੇ ਤੁਰਨ ਲਈ ਦ੍ਰਿੜ੍ਹ ਨਾ ਹੋਏ। ਸ੍ਰੀ ਵੱਲਭਭਾਈ ਇਕ ਪਿੰਡ ਤੋਂ ਦੂਜੇ ਪਿੰਡ ਜਾਂਦੇ ਸਨ ਤਾਂ ਮੈਂ ਵੇਖਿਆ ਕਿ ਹਰੇਕ ਪਿੰਡ ਦੇ ਮਰਦ, ਇਸਤ੍ਰੀਆਂ ਅਤੇ ਬੱਚੇ ਬੜੇ ਚਾਅ ਨਾਲ ਉਨ੍ਹਾਂ ਦਾ ਸੁਆਗਤ ਕਰਨ ਲਈ ਦੌੜ ਪੈਂਦੇ ਸਨ। ਅਨਪੜ੍ਹ ਇਸਤ੍ਰੀਆਂ—ਜੁਆਨ ਅਤੇ ਬੁੱਢੀਆਂ—ਆਪਣੇ ਪਾਟੇ-ਪੁਰਾਣੇ ਕਪੜਿਆਂ ਵਿਚ ਹੀ ਆ ਕੇ ਉਨ੍ਹਾਂ ਦੇ ਮੱਥੇ ਤੇ ਟਿੱਕਾ ਲਗਾਉਂਦੀਆਂ ਸਨ ਅਤੇ ਕੜੀ ਮਿਹਨਤ ਕਰਨ ਮਗਰੋਂ ਮਿਲੇ ਹੋਏ ਇਕ ਜਾਂ ਦੋ ਰੁਪਏ ਆਪਣੇ ਤਾਲੁਕੇ ਦੇ ਧਰਮ-ਜੁੱਧ ਲਈ ਉਨ੍ਹਾਂ ਦੇ ਚਰਨਾਂ ਵਿਚ ਸ਼ਰਧਾ ਅਤੇ ਭਗਤੀ ਨਾਲ ਭੇਟ ਕਰਦੀਆਂ ਸਨ। ਅਤੇ ਬਦੇਸ਼ੀ ਸਰਕਾਰ ਦੇ ਅਨਿਆਂ ਨੂੰ ਵਿਖਾਉਣ ਲਈ ਰਚੇ ਹੋਏ 'ਡਗਲੇ ਡਗਲੇ ਤਾਰੋ ਅਨਿਆਸੇ ਛੇ, (ਕਦਮ ਕਦਮ ਤੇ ਤੇਰਾ ਅਨਿਆਂ ਹੈ) ਵਰਗੇ ਗੀਤ ਬੜੇ ਉਤਸ਼ਾਹ ਨਾਲ ਆਪਣੇ ਪੇਂਡੂ ਲਹਿਜੇ ਵਿਚ ਗਾਉਂਦੀਆਂ ਸਨ। ਇਹ ਸਭ ਵੇਖਕੇ ਮੇਰਾ ਮਨ ਇਹ ਪ੍ਰਵਾਨ ਕੀਤੇ ਬਿਨਾਂ ਨਾ ਰਿਹਾ ਕਿ ਸਰਕਾਰੀ ਰਿਪੋਰਟ ਵਿਚ ਜਿਹੜਾ ਇਹ ਕਿਹਾ ਗਿਆ ਹੈ ਕਿ ਇਹ ਅੰਦੋਲਨ ਤਾਂ ਇਕ ਬਨਾਉਟੀ ਅੰਦੋਲਨ ਹੈ ਅਤੇ ਲੋਕਾਂ ਤੇ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਠੋਸਿਆ ਗਿਆ ਹੈ ਉਹ — ਨਰਮ ਤੋਂ ਨਰਮ ਸ਼ਬਦਾਂ ਵਿਚ ਕਿਹਾ ਜਾਵੇ ਤਾਂ — 'ਬਿਲਕੁਲ ਝੂਠ ਹੈ'।"

ਇਸ ਪੱਤਰ ਦਾ ਇਹ ਪ੍ਰਭਾਵ ਹੋਇਆ ਕਿ ਆਮ ਲੋਕ ਵੀ ਸਰਕਾਰ ਉਤੇ ਸਮਝੌਤੇ ਲਈ ਜ਼ੋਰ ਦੇਣ ਲੱਗੇ। ਇੰਗਲੈਂਡ ਵਿਚ ਵੀ ਬੇਚੈਨੀ ਹੋਣ ਲਗੀ ਪਰੰਤੂ ਸਰਕਾਰ ਹਠ ਤੇ ਅੜੀ ਸੀ। ਉਹ ਧਮਕੀ ਭਰੇ ਭਾਸ਼ਣ ਹੀ ਦਿੰਦੀ ਰਹੀ ਪਰ ਉਹ ਪਟੇਲ ਦੇ [illegible] ਤੋਂ ਪਹਿਲਾਂ ਦੀ ਗਰਜ ਸੀ। ਬੰਬਈ ਸਰਕਾਰ ਦੀ ਕੌਂਸਲ ਦੇ ਇਕ ਮੈਂਬਰ ਸਰ ਚੂਨੀਲਾਲ ਮਹਿਤਾ ਨੇ ਸ੍ਰੀ ਮੁਨਸ਼ੀ ਨੂੰ ਗਾਂਧੀ ਜੀ ਅਤੇ ਵੱਲਭਭਾਈ ਦੇ ਕੋਲ ਭੇਜਿਆ। ਇਕ ਸਮਝੌਤੇ ਦਾ ਮਸੌਦਾ ਤਿਆਰ ਹੋ ਗਿਆ। [illegible] ਹਲ ਪਈ।

ਉਸੇ ਸਮੇਂ ਗਾਂਧੀ ਜੀ ਬਾਰਡੋਲੀ ਆਏ। ਕੁਝ ਕ੍ਰਿਸਾਨ ਉਨ੍ਹਾਂ ਨੂੰ ਮਿਲੇ। ਇਕ ਦੀ ਜਾਣ-ਪਛਾਣ ਕਰਾਉਂਦੇ ਹੋਏ ਇਕ ਮਿੱਤਰ ਨੇ ਕਿਹਾ, "ਇਹ ਵੱਲਭਭਾਈ ਪਟੇਲ ਨੂੰ ਕਹਿਣ ਆਏ ਹਨ ਕਿ ਅਸੀਂ ਆਪਣਾ ਸਿਰ ਤੁਹਾਨੂੰ ਦਿਤਾ ਹੈ ਆਪਣਾ ਨੱਕ ਨਹੀਂ ਦਿਤਾ।"

ਅਰਥਾਤ ਅਸੀਂ ਆਪਣੀ ਇੱਜ਼ਤ ਦਾ ਸੌਦਾ ਨਹੀਂ ਕਰਾਂਗੇ। ਅਜਿਹਾ ਉਤਸ਼ਾਹ ਸੀ ਬਾਰਡੋਲੀ ਦੇ ਕ੍ਰਿਸਾਨਾਂ ਵਿਚ। ਗੋਲੀ ਚਲਣ ਦੀ ਗੱਲ ਤੇ ਇਕ ਕ੍ਰਿਸਾਨ ਨੇ ਕਿਹਾ ਸੀ 'ਗੋਲੀ ਨਾਲ ਸਰਕਾਰ ਕਿੰਨਿਆਂ ਨੂੰ ਮਾਰੇਗੀ। ਪਲੇਗ ਨਾਲ ਜਿਵੇਂ ਲੋਕ ਮਰ ਰਹੇ ਹਨ ਉਨ੍ਹਾਂ ਤੋਂ ਜ਼ਿਆਦਾ ਗੋਲੀ ਨਾਲ ਨਹੀਂ ਮਰਾਂਗੇ। ਅੱਜ ਵੀ ਪਿੰਡ ਵਿਚ

ਪਲੇਗ ਨਾਲ ਚਾਰ ਸੌ ਆਦਮੀ ਮਰ ਗਏ ਸਨ।''

ਸਰਕਾਰ ਨੂੰ ਅਖ਼ੀਰ ਝੁਕਣਾ ਪਿਆ। ਸਮਝੌਤਾ ਹੋਇਆ। ਉਸ ਵਿਚ ਕਿਹਾ ਗਿਆ ਸੀ ਕਿ ਪੜਤਾਲ ਕੀਤੀ ਜਾਏਗੀ। ਉਸੇ ਦੇ ਮਗਰੋਂ ਮਸੂਲ ਦਾ ਫ਼ੈਸਲਾ ਹੋਏਗਾ। ਜ਼ਬਤ ਕੀਤੀ ਗਈ ਜ਼ਮੀਨ ਕ੍ਰਿਸਾਨਾਂ ਨੂੰ ਮੋੜ ਦਿਤੀ ਜਾਏਗੀ, ਸੱਤਿਆਗ੍ਰਹਿ ਕਰਨ ਵਾਲੇ ਕੈਦੀਆਂ ਨੂੰ ਛੱਡ ਦਿਤਾ ਜਾਏਗਾ। ਸਾਰੇ ਪਟੇਲਾਂ ਅਤੇ ਪਟਵਾਰੀਆਂ ਨੂੰ ਮੁੜ ਤੋਂ ਨੌਕਰੀ ਤੇ ਲਾ ਦਿਤਾ ਜਾਏਗਾ, ਆਦਿ ਆਦਿ।

ਸਾਰੇ ਦੇਸ਼ ਵਿਚ ਅਨੰਦ ਛਾ ਗਿਆ। ਬਾਰਦੋਲੀ ਦੇ ਬਹਾਦਰ ਕ੍ਰਿਸਾਨਾਂ ਦੀ ਜੈ ਜੈ ਕਾਰ ਹੋਣ ਲਗੀ। ਵੱਲਭਭਾਈ ਨੂੰ ਗਾਂਧੀ ਜੀ ਨੇ 'ਬਾਰਦੋਲੀ ਦਾ ਸਰਦਾਰ' ਕਹਿ ਕੇ ਸਨਮਾਨਿਤ ਕੀਤਾ। ਉਸ ਦਿਨ ਤੋਂ ਉਹ ਸੱਚਮੁੱਚ 'ਸਰਦਾਰ' ਬਣ ਗਏ। ਸਾਰੇ ਭਾਰਤ ਦੇ ਆਗੂ ਬਣ ਗਏ। ਪਰੰਤੂ ਉਨ੍ਹਾਂ ਦੀ ਨਿਮਰਤਾ ਉਹੋ ਜਿਹੀ ਹੀ ਸੀ। ਕਹਿਣ ਲੱਗੇ, ''ਬਾਪੂ ਦੇ ਸੰਦੇਸ਼ ਨੂੰ ਟੁੱਟੇ-ਭੱਜੇ ਰੂਪ ਵਿਚ ਵੀ ਦੇਸ਼ ਦੀ ਜਨਤਾ ਕੋਲ ਪੁਚਾਉਣ ਵਾਲੇ ਕਿੰਨੇ ਘੱਟ ਲੋਕ ਹਨ। ਵੈਸੇ ਅਸੀਂ ਕੀ ਹਾਂ। ਅਸੀਂ ਕੀਤਾ ਹੀ ਕੀ ਹੈ। ਬਾਪੂ ਨੇ ਇਨ੍ਹਾਂ ਕਾਰਣ ਹੀ ਸਾਨੂੰ ਏਨਾਂ ਉਤੇ ਚੜ੍ਹਾ ਦਿਤਾ ਹੈ।''

ਆਪਣੇ ਪਰਿਵਾਰ ਵਿਚ

ਜਿਹੜੇ ਵਿਅਕਤੀ ਆਪਣੇ ਆਪਨੂੰ ਦੇਸ਼ ਦੇ ਲੇਖੇ ਲਾ ਦਿੰਦੇ ਹਨ ਉਨ੍ਹਾਂ ਦੇ ਪਰਵਾਰ ਦੀਆਂ ਸੀਮਾਵਾਂ ਵੀ ਅਸੀਮਿਤ ਹੋ ਜਾਂਦੀਆਂ ਹਨ । ਸਰਦਾਰ ਤਾਂ ਵਕਾਲਤ ਕਰਦੇ ਹੋਏ ਹੀ ਤੀਹ ਵਰ੍ਹੇ ਦੀ ਉਮਰ ਵਿਚ ਰੰਡੇ ਹੋ ਚੁਕੇ ਸਨ । ਉਦੋਂ ਉਨ੍ਹਾਂ ਦੇ ਇਕ ਪੁੱਤਰੀ (ਮਣੀਬੇਨ) ਅਤੇ ਇਕ ਪੁੱਤਰ (ਡਾਹਿਆ ਭਾਈ) ਸੀ। ਪੁੱਤਰ ਤਾਂ ਪੈਰੀਂ ਚਲ ਵੀ ਨਹੀਂ ਸਕਦਾ ਸੀ । ਫੇਰ ਵੀ ਦੂਜਾ ਵਿਆਹ ਕਰਨ ਦੀ ਗੱਲ ਉਨ੍ਹਾਂ ਨੇ ਨਹੀਂ ਸੋਚੀ। ਪਰ ਦੂਜੇ ਲੋਕਾਂ ਨੂੰ ਕੌਣ ਰੋਕ ਸਕਦਾ ਹੈ। ਇਕ ਮੈਜਿਸਟ੍ਰੇਟ ਉਨ੍ਹਾਂ ਤੇ ਬਹੁਤ ਜ਼ੋਰ ਪਾ ਰਹੇ ਸਨ। ਇਕ ਦਿਨ ਮਜ਼ਾਕ-ਮਜ਼ਾਕ ਵਿਚ ਉਹ ਕਹਿਣ ਲੱਗੇ, "ਜੀਵਨ ਦੇ ਸੰਬੰਧ ਕੋਈ ਅਚਾਨਕ ਵੀ ਬਣਦੇ ਹਨ ? ਦੱਸ-ਪੰਦਰਾਂ ਦਿਨ ਦੇ ਚੰਗੇ ਮੇਲ ਮਗਰੋਂ ਹੀ ਕੋਈ ਫੈਸਲਾ ਹੋ ਸਕਦਾ ਹੈ।"

ਮੈਜਿਸਟ੍ਰੇਟ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਲਿਆ ਅਤੇ ਆਪਣੀ ਕੁੜੀ ਨੂੰ ਗੋਧਰਾ ਸੱਦ ਘੱਲਿਆ ਪਰ ਵੱਲਭਭਾਈ ਤਾਂ ਪਹਿਲੀ ਵਿਉਂਤ ਅਨੁਸਾਰ ਬੈਰਿਸਟਰ ਬਣਨ ਇੰਗਲੈਂਡ ਨੂੰ ਰਵਾਨਾ ਹੋ ਚੁੱਕੇ ਸਨ।

ਉਹ ਪੰਜ ਭਰਾ ਸਨ ਪਰ ਪ੍ਰਸਿਧ ਦੋ ਹੀ ਹੋਏ ਵਿੱਠਲ ਭਾਈ ਅਤੇ ਵੱਲਭ ਭਾਈ। ਦੋਵਾਂ ਵਿਚ ਡੂੰਘਾ ਮਤਭੇਦ ਸੀ। ਰਾਜਨੀਤੀ ਦੇ ਮੈਦਾਨ ਵਿਚ ਦੋਵੇਂ ਖ਼ੂਬ ਲੜਦੇ ਸਨ ਪਰੰਤੂ ਘਰ ਵਿਚ ਭਰਾ ਭਰਾ ਸਨ। ਇਕ ਦੂਜੇ ਦਾ ਬਹੁਤ ਸਤਿਕਾਰ ਕਰਦੇ ਸਨ। ਵਿੱਠਲਭਾਈ ਦੇ ਬੈਰਿਸਟਰ ਬਣਨ ਲਈ ਵਲਾਇਤ ਜਾਣ ਦੇ ਮਗਰੋਂ ਉਨ੍ਹਾਂ ਦੀ ਪਤਨੀ ਸਰਦਾਰ ਦੇ ਕੋਲ ਹੀ ਰਹੀ । ਉਹ ਤੇਜ਼ ਸੁਭਾਅ ਦੀ ਸੀ । ਸਰਦਾਰ ਦੀ ਪਤਨੀ ਨਾਲ ਉਹਦੀ ਨਹੀਂ ਬਣਦੀ ਸੀ। ਉਦੋਂ ਸਰਦਾਰ ਨੇ ਆਪਣੀ ਪਤਨੀ ਨੂੰ ਪੇਕੇ ਭੇਜ ਦਿਤਾ। ਵਡੇ ਭਰਾ ਦੀ ਪਤਨੀ ਨੂੰ ਇਕ ਵੀ ਸ਼ਬਦ ਨਹੀਂ ਕਿਹਾ।

ਵਿੱਠਲਭਾਈ ਬਹੁਤ ਜਲਦੀ ਸੇਵਾ ਦੇ ਕੰਮ ਵਿਚ ਪੈ ਗਏ, ਇਸ ਲਈ ਉਹਨਾਂ ਦੇ ਪਰਿਵਾਰ ਦੇ ਖ਼ਰਚ ਦਾ ਬੋਝ ਵੀ ਉਹੀ ਚੁੱਕਦੇ ਸਨ। ਜਦੋਂ ਵੀ ਵਡੇ ਭਰਾ ਸਰਦਾਰ ਦੇ ਕੋਲ ਆਉਂਦੇ, ਸਰਦਾਰ ਉਨ੍ਹਾਂ ਦੇ ਬੂਟ ਦੇ ਫੀਤੇ ਖੋਲ੍ਹਕੇ ਉਨ੍ਹਾਂ ਦਾ ਸੁਆਗਤ ਕਰਦੇ । ਉਨ੍ਹਾਂ ਦਾ ਬਿਸਤਰਾ ਵਿਛਾਉਂਦੇ ਅਤੇ ਜਦੋਂ ਉਹ ਪਰਤਦੇ ਤਾਂ ਖਰਚ ਦੇ ਲਈ

ਉਨ੍ਹਾਂ ਦੀਆਂ ਜੇਬਾਂ ਨੋਟਾਂ ਨਾਲ ਭਰ ਦਿੰਦੇ। ਦੋਵਾਂ ਵਿਚੋਂ ਕਦੇ ਕੋਈ ਇਕ ਸ਼ਬਦ ਵੀ ਨਾ ਬੋਲਦਾ। ਪਰੰਤੂ ਇਸ ਚੁੱਪ ਦੀ ਆਤਮਾ ਤਾਂ ਹਜ਼ਾਰਾਂ ਜ਼ਬਾਨਾਂ ਰਾਹੀਂ ਬੋਲਦੀ ਸੀ।

ਵੱਡੇ ਪਟੇਲ ਜਿੰਨੇ ਲੜਾਕੂ ਸਨ, ਉਨੇ ਹੀ ਮਜ਼ਾਕੀਆ ਵੀ ਸਨ। ਕਦੇ-ਕਦੇ ਭਿਆਨਕ ਮਜ਼ਾਕ ਕਰਦੇ। ਲੋਕ ਉਨ੍ਹਾਂ ਦੇ ਵੈਰੀ ਤਕ ਬਣ ਜਾਂਦੇ। ਇਕ ਵਾਰ ਉਹ ਸਰਦਾਰ ਦੇ ਕੋਲ ਠਹਿਰੇ ਹੋਏ ਸਨ। ਕੁਝ ਮਿੱਤਰ ਮਿਲਣ ਆ ਗਏ। ਗੱਲਾਂ ਚਲ ਪਈਆਂ। ਇਸੇ ਦੌਰਾਨ ਸਰਦਾਰ ਪਖਾਨੇ ਚਲੇ ਗਏ। ਵੱਡੇ ਪਟੇਲ ਨੇ ਦੇਖਿਆ, ਚੁੱਪ ਚਾਪ ਉੱਠੇ ਅਤੇ ਬਾਹਰੋਂ ਪਖਾਨੇ ਦੀ ਸੰਗਲੀ ਲਾ ਦਿਤੀ। ਫਿਰ ਮਿੱਤਰਾਂ ਨੂੰ ਕਹਿਣ ਲਗੇ, "ਇਹ ਹਨ ਤੁਹਾਡੇ ਲੋਕਾਂ ਦੇ ਸਰਦਾਰ। ਸਵਰਾਜ ਮੰਗਦੇ ਹਨ। ਪਖਾਨੇ ਦੀ ਸੰਗਲੀ ਖੋਲ੍ਹ ਕੇ ਬਾਹਰ ਆ ਜਾਣ ਤਾਂ ਮੰਨੀਏ।"

ਅੱਧਾ ਘੰਟਾ ਬੀਤ ਗਿਆ। ਵੱਡੇ ਪਟੇਲ ਮਿੱਤਰਾਂ ਨਾਲ ਗੱਲਾਂ ਕਰਦੇ ਰਹੇ। ਸਰਦਾਰ ਅੰਦਰ ਬੈਠੇ ਰਹੇ। ਇਕ ਵਾਰ ਵੀ ਸੰਗਲੀ ਖੜਕਾਈ ਤਕ ਨਹੀਂ। ਅਖ਼ੀਰ ਵੱਡੇ ਪਟੇਲ ਉੱਠੇ ਅਤੇ ਚੁੱਪਚਾਪ ਸੰਗਲੀ ਖੋਲ੍ਹ ਆਏ। ਸਰਦਾਰ ਉਸੇ ਤਰ੍ਹਾਂ ਚੁੱਪਚਾਪ ਬਾਹਰ ਆਏ ਅਤੇ ਕੰਮ ਵਿਚ ਲਗ ਗਏ ਜਿਵੇਂ ਕੁਝ ਹੋਇਆ ਹੀ ਨਾ ਹੋਏ।

ਉਨ੍ਹਾਂ ਦੀ ਬੇਟੀ ਮਣੀਬੇਨ ਨੇ ਵਿਆਹ ਨਹੀਂ ਕਰਾਇਆ। ਉਹ ਪੂਰਣ ਰੂਪ ਨਾਲ ਪਿਤਾ ਦੇ ਪ੍ਰਤੀ ਸਮਰਪਿਤ ਹੋ ਗਈ। ਉਨ੍ਹਾਂ ਦੇ ਸਾਰਵਜਨਿਕ ਜੀਵਨ ਵਿਚ ਸਦਾ ਉਨ੍ਹਾਂ ਦੀ ਢਾਲ, ਉਨ੍ਹਾਂ ਦੀ ਨਰਸ, ਉਨ੍ਹਾਂ ਦੀ ਮਾਂ ਬਣਕੇ ਉਨ੍ਹਾਂ ਦੇ ਨਾਲ ਰਹੀ। ਇਤਿਹਾਸ ਵਿਚ ਅਜਿਹੀਆਂ ਮਿਸਾਲਾਂ ਵਿਰਲੀਆਂ ਹੀ ਹਨ। ਵੱਲਭਭਾਈ ਵੱਡੇ ਤੋਂ ਵੱਡੇ ਕਸ਼ਟ ਨੂੰ ਵੀ ਮੂੰਹੋਂ ਨਹੀਂ ਕਹਿੰਦੇ ਸਨ ਪਰ ਮਣੀਬੇਨ ਉਨ੍ਹਾਂ ਦੇ ਬਿਨਾਂ ਬੋਲੇ ਹੀ ਸਭ ਕੁਝ ਸਮਝ ਲੈਂਦੀ ਸੀ। ਉਹ ਆਪ ਵੀ ਘੱਟ ਬੋਲਦੀ ਸੀ, ਪਰ ਮਨ ਦੀ ਬੋਲੀ ਸਪਸ਼ਟਤਾ ਦੀ ਨਜ਼ਰ ਤੋਂ ਸਭ ਤੋਂ ਵੱਧ ਤੇਜ਼ ਅਤੇ ਸਪੱਸ਼ਟ ਹੁੰਦੀ ਹੈ, ਇਸੇ ਲਈ ਉਹ ਜਿੰਨਾਂ ਹੋ ਸਕੇ ਉਨ੍ਹਾਂ ਨੂੰ ਵੱਧ ਤੋਂ ਵੱਧ ਅਰਾਮ ਦੇਣ ਦੀ ਕੋਸ਼ਿਸ਼ ਕਰਦੀ ਸੀ। ਇਹਦੇ ਲਈ ਉਹਨੂੰ ਆਉਣ ਵਾਲਿਆਂ ਦੇ ਪ੍ਰਤੀ ਸਖ਼ਤੀ ਵੀ ਕਰਨੀ ਪੈਂਦੀ ਸੀ। ਪਿਤਾ ਦੀ ਸੇਵਾ ਵਿਚ ਵਿਘਨ ਪਾਉਣ ਵਾਲੇ ਕਿਸੇ ਵੀ ਵਿਅੱਕਤੀ ਨੂੰ ਉਹ ਸਹਿਣ ਨਹੀਂ ਕਰਦੀ ਸੀ। ਸਰਦਾਰ ਦੇਸ਼ ਲਈ ਜੀਉਂਦੇ ਸਨ। ਮਣੀਬੇਨ ਉਨ੍ਹਾਂ ਲਈ।

ਇਕ ਵਾਰ ਉਹਦੀ ਟਾਕੀ ਲੱਗੀ ਚਿੱਟੀ ਖੱਦਰ ਦੀ ਸਾੜੀ ਵੇਖ ਕੇ ਸ੍ਰੀ ਮਹਾਵੀਰ ਤਿਆਗੀ ਨੇ ਮਣੀਬੇਨ ਤੋਂ ਪੁੱਛਿਆ, "ਸਰਦਾਰ ਨੂੰ ਮਿਲਣ ਲਈ ਰਾਜੇ-ਮਹਾਰਾਜੇ ਅਤੇ ਦੇਸ-ਬਦੇਸ਼ ਦੇ ਲੋਕ ਆਉਂਦੇ ਰਹਿੰਦੇ ਹਨ ਤੂੰ ਅਜਿਹੀ ਸਾੜੀ ਕਿਉਂ ਪਹਿਨਦੀ ਹੈਂ? ਏਨੇ ਵੱਡੇ ਬਾਪ ਦੀ ਬੇਟੀ ਨੂੰ ਦੇਖ ਕੇ ਲੋਕ ਕੀ ਕਹਿੰਦੇ ਹੋਣਗੇ?"

ਮਣੀਬੇਨ ਨੇ ਕਿਹਾ, "ਸਰਦਾਰ ਦੀ ਸੇਵਾ ਦੇ ਮਗਰੋਂ ਜਿਹੜਾ ਸਮਾਂ ਬਚਦਾ ਹੈ ਉਸ ਵਿਚ ਚਰਖਾ ਕੱਤਦੀ ਹਾਂ। ਜਿਹੜਾ ਸੂਤ ਬਣਦਾ ਹੈ ਉਹ ਸਰਦਾਰ ਦੇ ਕੱਪੜਿਆਂ ਦੇ ਲਈ ਹੀ ਮੁਸ਼ਕਲ ਨਾਲ ਤਿਆਰ ਹੁੰਦਾ ਹੈ । ਉਸ ਨਾਲ ਉਨ੍ਹਾਂ ਦੇ ਨਵੇਂ ਕਪੜੇ ਬਣ ਜਾਂਦੇ ਹਨ ਅਤੇ ਮੈਂ ਉਨ੍ਹਾਂ ਦੀਆਂ ਪੁਰਾਣੀਆਂ ਧੋਤੀਆਂ ਸੀਂ ਕੇ ਆਪਣਾ ਕੰਮ ਚਲਾ ਲੈਂਦੀ ਹਾਂ ।"

ਸਰਦਾਰ ਦੇ ਲਿਖੇ ਕੁਝ ਪੱਤਰਾਂ ਤੋਂ ਜਿਹੜੇ ਉਨ੍ਹਾਂ ਨੇ ਆਪਣੀ ਜੇਲ੍ਹ-ਯਾਤਰਾ ਵੇਲੇ ਸਮੇਂ-ਸਮੇਂ ਤੇ ਮਣੀਬੇਨ ਅਤੇ ਡਾਹਿਆ ਭਾਈ ਨੂੰ ਲਿਖੇ, ਉਨ੍ਹਾਂ ਦੇ ਮੋਹ-ਭਿੱਜੇ ਦਿਲ ਦਾ ਪਤਾ ਲਗਦਾ ਹੈ। ਡਾਹਿਆ ਭਾਈ ਵੀ ਉਨ੍ਹਾਂ ਵਾਂਗ ਰੰਡੇ ਹੋ ਗਏ ਸਨ। ਉਨ੍ਹਾਂ ਦੇ ਵਿਆਹ ਦੇ ਲਈ ਤਜਵੀਜ਼ਾਂ ਆਉਂਦੀਆਂ ਸਨ। ਉਦੋਂ ਮਣੀਬੇਨ ਨੂੰ ਉਨ੍ਹਾਂ ਨੇ ਲਿਖਿਆ, "ਉਨ੍ਹਾਂ ਨੂੰ ਤਾਜ਼ਾ ਫੱਟ ਲਗਿਆ ਹੈ ਜਿਹਨੂੰ ਭਰਨ ਵਿਚ ਸਮਾਂ ਲਗੇਗਾ। ਇਕ ਦੋ ਵਰ੍ਹੇ ਮਗਰੋਂ ਉਨ੍ਹਾਂ ਦੀ ਇੱਛਾ ਮੁੜ ਵਿਆਹ ਕਰਨ ਦੀ ਹੋਵੇ ਤਾਂ ਬੇਸ਼ਕ ਕਰ ਲੈਣ ਅਤੇ ਜੇ ਨਾ ਕਰਾਉਣਾ ਹੋਏ ਤਾਂ ਵੀ ਚੰਗਾ ਹੈ। ਇਸ ਕੰਮ ਵਿਚ ਕਿਸੇ ਦੀ ਸਲਾਹ ਕੰਮ ਨਹੀਂ ਦਿੰਦੀ ਅਤੇ ਕਿਸੇ ਨੂੰ ਸਲਾਹ ਦੇਣੀ ਵੀ ਨਹੀਂ ਚਾਹੀਦੀ।"

ਡਾਹਿਆ ਭਾਈ ਨੂੰ ਲਿਖੇ ਇਕ ਪੱਤਰ ਵਿਚ ਉਹ ਕਿੰਨੇ ਪਿਆਰ ਨਾਲ ਉਹਨੂੰ ਸਮਝਾਉਂਦੇ ਹਨ :—

"......ਤੂੰ ਦਫ਼ਤਰ ਵਿਚ ਜਿਹੜੀ ਚਿੱਠੀ ਲਿਖਦਾ ਹੈਂ ਉਸ ਵਿਚ ਬੋਲੀ ਅੱਖੜ ਅਤੇ ਸਾਹਮਣੇ ਵਾਲੇ ਨੂੰ ਬੁਰੀ ਲਗਣ ਵਾਲੀ ਹੁੰਦੀ ਹੈ। ਦਫ਼ਤਰ ਵਿਚ ਕਿਸੇ ਦੇ ਨਾਲ ਸਾਡੀ ਜ਼ਬਾਨ ਜਾਂ ਕਲਮ ਦੇ ਕਾਰਣ ਵਿਰੋਧ ਹੋਏ ਜਾਂ ਕਿਸੇ ਨੂੰ ਦੁੱਖ ਹੋਏ ਇਹ ਕਦੇ ਚੰਗਾ ਨਹੀਂ ਸਮਝਿਆ ਜਾ ਸਕਦਾ। ਤੇਰੇ ਮਕਾਨ ਮਾਲਕ ਨੇ ਮਕਾਨ ਖ਼ਾਲੀ ਕਰਣ ਲਈ ਤੇਰੇ ਤੇ ਦਾਅਵਾ ਕੀਤਾ ਉਹ ਸਾਨੂੰ ਸ਼ੋਭਾ ਨਹੀਂ ਦਏਗਾ। ਤੇਰਾ ਸੁਭਾਅ ਅਜਿਹਾ ਨਹੀਂ ਹੈ, ਫੇਰ ਵੀ ਅਜਿਹਾ ਕਿਉਂ ਹੋ ਜਾਂਦਾ ਹੈ ਇਹ ਮੇਰੀ ਸਮਝ ਵਿਚ ਨਹੀਂ ਆਉਂਦਾ। ਮੈਂ ਮੰਨਦਾ ਸਾਂ ਕਿ ਤੂੰ ਸਭ ਦਾ ਪਿਆਰ ਪ੍ਰਾਪਤ ਕਰ ਲਿਆ ਹੈ ਇਸ ਲਈ ਬਹੁਤ ਖ਼ੁਸ਼ ਹੋਇਆ ਕਰਦਾ ਸਾਂ। ਪਰੰਤੂ ਇਹ ਗੱਲਾਂ ਸੁਣ ਕੇ ਮੈਨੂੰ ਜ਼ਰਾ ਹੈਰਾਨੀ ਹੋਈ। ਕਿਸੇ ਨੂੰ ਬੁਰੀ ਲਗਣ ਵਾਲੀ ਗੱਲ ਲਿਖ ਦਿਤੀ ਹੋਏ ਉਸਤੋਂ ਖ਼ਿਮਾ ਮੰਗਕੇ ਉਹਦੇ ਨਾਲ ਘੁਲ ਮਿਲ ਜਾਣਾ ਅਤੇ ਉਸਦਾ ਪਿਆਰ ਪ੍ਰਾਪਤ ਕਰਨਾ । ਮੇਰਾ ਸੁਭਾਅ ਵੀ ਕਿਸੇ ਸਮੇਂ ਸਖ਼ਤ ਸੀ ਪਰੰਤੂ ਮੈਨੂੰ ਇਸਦੇ ਲਈ ਬੜਾ ਪਛਤਾਵਾ ਹੋਇਆ ਹੈ।"

ਮਣੀਬੇਨ ਨੂੰ ਲਿਖਿਆ ਇਕ ਹੋਰ ਪੱਤਰ—

"......ਹੁਣ ਤੂੰ ਥੋੜ੍ਹਾ ਸਮਾਂ ਡਾਹਿਆ ਭਾਈ ਦੇ ਨਾਲ ਰਹਿ ਸਕੇਂਗੀ । ਦੋਵੇਂ

ਭੈਣ-ਭਰਾ ਕਿਤੇ ਨਾ ਕਿਤੇ ਸਮਾਂ ਅਤੇ ਇਕਾਂਤ ਲੱਭ ਕੇ ਜੀਅ ਭਰ ਕੇ ਗੱਲਾਂ ਕਰ ਲੈਣਾ। ਮੁੜ-ਮੁੜ ਸਮਾਂ ਨਹੀਂ ਮਿਲਦਾ। ਦਿਲਾਂ ਦੀ ਸਫ਼ਾਈ ਕਰਨੀ ਹੋਏ ਤਾਂ ਕਰ ਲੈਣਾ, ਪਰੰਤੂ ਕੋਈ ਫ਼ਿਕਰ ਨਾ ਕਰਨਾ। ਬਹੁਤ ਵੱਡਾ ਕੁਟੰਬ ਕਬੀਲਾ ਹੋਣ ਨਾਲ ਸੁੱਖ ਮਿਲਦਾ ਹੈ ਅਜਿਹੀ ਗੱਲ ਨਹੀਂ। ਥੋੜ੍ਹੇ ਜਣੇ ਹੋਣ ਤਾਂ ਸੰਭਵ ਹੈ ਸੁੱਖ ਨਾਲ ਰਹਿ ਸਕਣ ਅਤੇ ਥੋੜ੍ਹਾ ਦੁੱਖ ਭੋਗਣਾ ਪਏ। ਅਤੇ ਸੁੱਖ-ਦੁੱਖ ਤਾਂ ਮਨ ਦੇ ਕਾਰਨ ਹੁੰਦੇ ਹਨ।''

ਮਟੀਬੇਨ ਨੂੰ ਇਕ ਪੱਤਰ ਵਿਚ ਫੇਰ ਲਿਖਿਆ :—

''......ਆਪਣੀ ਸਿਹਤ ਦਾ ਖ਼ਿਆਲ ਰੱਖਣਾ। ਬਰਸਾਤ ਆ ਗਈ ਹੈ ਇਸ ਲਈ ਚਲਣਾ ਫਿਰਨਾ ਘੱਟ ਹੋ ਗਿਆ ਹੋਵੇਗਾ। ਬਰਾਂਡੇ* ਵਿਚ ਘੁੰਮਣ ਦਾ ਪ੍ਰਬੰਧ ਹੈ ਉਥੇ, ਨਹੀਂ ਤਾਂ ਬੈਠਕ ਵਿਚ ਹੀ ਇਕ ਦੋ ਘੰਟੇ ਜ਼ਰੂਰ ਘੁੰਮਣਾ ਚਾਹੀਦਾ ਹੈ... ਪੈਰ ਨੂੰ ਹੁਣ ਅਰਾਮ ਆ ਗਿਆ ਹੋਵੇਗਾ। ਮਨ ਦੀ ਸ਼ਕਤੀ ਪ੍ਰਾਪਤ ਕਰਨਾ ਤਾਂ ਤੇਰੇ ਆਪਣੇ ਹੀ ਹੱਥ ਵਿਚ ਹੈ......ਫ਼ਿਕਰ ਰੱਬ ਨੂੰ ਸੌਂਪ ਦਿਓ। ਭੂਤਕਾਲ ਨੂੰ ਭੁੱਲਕੇ ਭਵਿਖ ਨੂੰ ਸੁਧਾਰ ਲੈਣ ਵਿਚ ਹੀ ਸਿਆਣਪ ਹੋਵੇਗੀ.....।''

ਵਲਾਇਤ ਤੋਂ ਲਿਖੇ ਉਨ੍ਹਾ ਦੇ ਪੱਤਰਾਂ ਵਿਚ ਪਰਵਾਰ ਦੇ ਪ੍ਰਤੀ ਉਨ੍ਹਾਂ ਦੀ ਮਮਤਾ ਘੱਟ ਨਹੀਂ ਪ੍ਰਗਟ ਹੁੰਦੀ। ਵੱਡੇ ਭਰਾ ਨੂੰ ਲਿਖਿਆ ਇਕ ਪਤਰ ਵੇਖੋ—

''ਚਿ. ਕਾਸੀ ਭਾਈ ਬਿਲਕੁਲ ਚਿੱਠੀ ਨਹੀਂ ਲਿਖਦੇ ਅਤੇ ਘਰ ਦੀ ਕੋਈ ਖ਼ਬਰ ਨਹੀਂ ਮਿਲਦੀ ਇਸ ਲਈ ਤੁਸੀਂ ਵਾਰ ਵਾਰ ਪੱਤਰ ਲਿਖਦੇ ਰਹੋ।

ਮੇਰੀ ਇਕ ਪਰੀਖਿਆ ਹੋ ਗਈ ਹੈ। ਉਸ ਵਿਚ ਮੈਂ ਪਹਿਲੇ ਨੰਬਰ ਤੇ ਪਾਸ ਹੋਇਆ ਹਾਂ। ਪੂਜ ਪਿਤਾ ਜੀ ਅਤੇ ਮਾਤਾ ਜੀ ਨੂੰ ਮੇਰਾ ਨਮਸਕਾਰ ਕਹਿਣਾ...... ਪ੍ਰਮਾਤਮਾ ਕਰੇਗਾ ਤਾਂ ਦੋ ਸਾਲ ਪੂਰੇ ਹੁੰਦਿਆਂ ਦੇਰ ਨਹੀਂ ਲਗੇਗੀ ਅਤੇ ਮੈਨੂੰ ਤੁਹਾਡੇ ਸਭ ਦੇ ਦਰਸ਼ਨਾਂ ਦਾ ਮੌਕਾ ਮਿਲੇਗਾ।''

ਪਿਤਾ ਜੀ ਨਾਲ ਉਨ੍ਹਾਂ ਦੇ ਸੰਬੰਧ ਕਿਹੋ ਜਿਹੇ ਸਨ, ਇਕ ਘਟਨਾ ਦਾ ਵਰਨਣ ਕਰਨਾ ਕਾਫ਼ੀ ਹੋਵੇਗਾ :—

ਇਕ ਬਿਰਧ ਪਰੰਤੂ ਤੰਦਰੁਸਤ ਅਤੇ ਕੱਸੇ ਹੋਏ ਸਰੀਰ ਵਾਲੇ ਸਿਹਤਮੰਦ ਪੁਰਖ ਪੌੜੀਆਂ ਚੜ੍ਹ ਕੇ ਉਤੇ ਆਏ। ਉਨ੍ਹਾ ਨੇ ਬਿਲਕੁਲ ਸਫ਼ੇਦ ਪੋਸ਼ਾਕ ਪਾਈ ਹੋਈ ਸੀ। ਧੋਤੀ, ਕੁੜਤਾ, ਖੇਸ ਅਤੇ ਪੱਗੜੀ ਸਭ ਚਿੱਟੇ ਸਨ। ਸਾਰੇ ਕਪੜੇ ਦੁੱਧ ਵਾਂਗ ਚਿੱਟੇ ਸਨ।

ਇਨ੍ਹਾਂ ਨੂੰ ਵੇਖਦੇ ਹੀ ਮੂੰਹ ਵਿਚੋਂ ਹੁੱਕੇ ਦੀ ਨੜੀ ਕੱਢ ਕੇ ਵਲਭ ਭਾਈ ਖੜੇ ਹੋ ਗਏ ਅਤੇ ਕਹਿਣ ਲਗੇ, ''ਪਿਤਾ ਜੀ ਤੁਸੀਂ ਕਿਵੇਂ ?''

"ਭਾਈ ਤੇਰੇ ਨਾਲ ਕੰਮ ਪਿਆ ਹੈ ਇਸੇ ਲਈ ਤਾਂ ਆਇਆ ਹਾਂ।"

"ਪਰ ਮੈਨੂੰ ਕਿਉਂ ਨਹੀਂ ਸੱਦ ਘੱਲਿਆ ? ਮੈਂ ਕਰਮਸੱਦ ਆ ਜਾਂਦਾ।"

"ਕੰਮ ਵੋਰਸਦ ਵਿਚ ਹੈ ਇਸ ਲਈ ਤੈਨੂੰ ਉਥੇ ਬੁਲਾ ਕੇ ਕੀ ਕਰਦਾ ?"

"ਅਜਿਹਾ ਕੀ ਕੰਮ ਹੈ ?"

"ਸਾਰੇ ਜਿਲੇ ਵਿਚ ਤੇਰੀ ਧੁੰਮ ਹੈ ਅਤੇ ਸਾਡੇ ਮਹਾਰਾਜ ਦੇ ਵਾਰੰਟ ਨਿਕਲਣ, ਕੀ ਇਹ ਠੀਕ ਹੈ ? ਤੇਰੇ ਬੈਠੇ ਮਹਾਰਾਜ ਨੂੰ ਪੁਲੀਸ ਫੜ ਸਕਦੀ ਹੈ ?"

"ਮਹਾਰਾਜ ਦੇ ਵਾਰੰਟ, ਇਹ ਕਿਵੇਂ ? ਉਹ ਤਾਂ ਪਰਸ਼ੋਤਮ ਭਗਵਾਨ ਦੇ ਅਵਤਾਰ ਕਹੇ ਜਾਂਦੇ ਹਨ। ਆਪਾਂ ਸਭ ਨੂੰ ਦੁਨਿਆਵੀ ਸਾਗਰ ਤੋਂ ਪਾਰ ਉਤਾਰਣ ਵਾਲੇ ਹਨ। ਉਨ੍ਹਾਂ ਨੂੰ ਫੜਨ ਵਾਲਾ ਕੌਣ ਹੋ ਸਕਦਾ ਹੈ ?"

"ਇਸ ਵਕਤ ਤੂੰ ਆਪਣੀ ਦਿਲ-ਲਗੀ ਰਹਿਣ ਦੇ। ਮੈਂ ਪੱਕੇ ਤੌਰ ਤੇ ਸੁਣਿਆ ਹੈ ਕਿ ਬੜਤਾਲ ਅਤੇ ਬੋਚਾਸਣ ਦੇ ਮੰਦਰਾਂ ਦੇ ਕਬਜ਼ੇ ਦੀ ਬਾਬਤ ਝਗੜਾ ਹੋਇਆ ਹੈ ਅਤੇ ਉਸ ਵਿਚ ਸਾਡੇ ਮਹਾਰਾਜ ਦੇ ਵੀ ਵਾਰੰਟ ਨਿਕਲੇ ਹਨ। ਤੈਨੂੰ ਉਹ ਵਾਰੰਟ ਰੱਦ ਕਰਾਉਣਾ ਹੀ ਪਵੇਗਾ। ਪੁਲੀਸ ਮਹਾਰਾਜ ਨੂੰ ਫੜ ਲਏ ਤਦ ਤਾਂ ਮੇਰੇ ਨਾਲ ਤੇਰੀ ਵੀ ਇੱਜ਼ਤ ਜਾਏਗੀ।"

"ਆਪਣੀ ਇੱਜ਼ਤ ਕਿਉਂ ਜਾਏਗੀ ? ਜਿਹੜਾ ਅਜਿਹੇ ਕੰਮ ਕਰੇਗਾ ਉਸ ਦੀ ਜਾਏਗੀ ਪਰੰਤੂ ਮੈਂ ਪੜਤਾਲ ਕਰਾਂਗਾ। ਐਵੇਂ ਹੀ ਵਾਰੰਟ ਥੋੜ੍ਹੀ ਨਿਕਲਦੇ ਹਨ। ਜੋ ਕੁਝ ਮੈਥੋਂ ਹੋ ਸਕੇਗਾ ਕਰਾਂਗਾ।"

ਮਗਰੋਂ ਜ਼ਰਾ ਗੰਭੀਰ ਹੋ ਕੇ ਪਰੰਤੂ ਨਿਮਰਤਾ ਨਾਲ ਪਿਤਾ ਜੀ ਨੂੰ ਦੱਸਿਆ, "ਹੁਣ ਤੁਸੀਂ ਇਨ੍ਹਾਂ ਸਾਧੂਆਂ ਨੂੰ ਛੱਡ ਦਿਉ। ਜਿਹੜੇ ਇਸ ਤਰ੍ਹਾਂ ਪਾਖੰਡ ਕਰਦੇ ਹਨ, ਝਗੜੇ ਕਰਕੇ ਅਦਾਲਤਾਂ ਵਿਚ ਜਾਂਦੇ ਹਨ ਅਤੇ ਜਿਹੜੇ ਇਸ ਲੋਕ ਵਿਚ ਆਪਣੀ ਰਾਖੀ ਨਹੀਂ ਕਰ ਸਕਦੇ, ਉਹ ਪਰਲੋਕ ਵਿਚ ਸਾਨੂੰ ਕੀ ਤਾਰਨਗੇ ? ਸਾਡਾ ਕੀ ਕਲਿਆਣ ਕਰਨਗੇ।"


"ਇਹ ਸਭ ਝੰਝਟ ਅਸੀਂ ਕਿਉਂ ਕਰੀਏ ? ਪਰੰਤੂ ਵੇਖ ਤੂੰ ਏਨਾ ਧਿਆਨ ਰਖਣਾ ਹੈ ਕਿ ਮਹਾਰਾਜ ਦਾ ਵਾਰੰਟ ਨਿਕਲਿਆ ਹੋਏ ਤਾਂ ਉਹ ਰੱਦ ਹੋਣਾ ਹੀ ਚਾਹੀਦਾ ਹੈ।"

ਇਹ ਕਹਿ ਕੇ ਪਿਤਾ ਜੀ ਦਫਤਰ ਤੋਂ ਚਲੇ ਗਏ।

ਉਨ੍ਹਾਂ ਦੀ ਜ਼ਿੱਦ ਦੇ ਕਾਰਣ ਸਰਦਾਰ ਨੇ ਇਹ ਕੇਸ ਆਪਣੇ ਹੱਥ ਵਿਚ ਲਿਆ ਅਤੇ ਸਮਝੌਤਾ ਕਰਾ ਕੇ ਦੋਵਾਂ ਧਿਰਾਂ ਦੇ ਮੁਲਜ਼ਮਾਂ ਨੂੰ ਛੁਡਾ ਦਿਤਾ।[1]


---


1. ਸਰਦਾਰ ਵਲਭ ਭਾਈ ਪਹਿਲਾ ਭਾਗ : ਨਰਹਰਿ ਪਾਰਿਖ—ਪੰਨਾ 3।




ਜੈਪੁਰ ਵਿਚ ਵਿਸ਼ਾਲ ਰਾਜਸਥਾਨ ਸੰਘ ਦੇ ਉਦਘਾਟਨ ਦੇ ਮੌਕੇ ਤੇ—30 ਮਾਰਚ 1949

ਸਰਦਾਰ ਪਟੇਲ ਨੂੰ ਲੈ ਕੇ ਜਾਣ ਵਾਲ ਜਹਾਜ਼ ਦਾ ਨਮੂਨਾ, ਜਿਸ ਨੂੰ 29 ਮਾਰਚ 1949 ਨੂੰ ਜੈਪੁਰ ਵਿਚ ਮਜਬੂਰਨ ਉਤਾਰਨਾ ਪਿਆ ਸੀ। ਨਵੀਂ ਦਿੱਲੀ ਵਿਚ ਸੰਵਿਧਾਨ ਸਭਾ ਵਿਚ ਕੀਤੇ ਇਕ ਸਵਾਗਤੀ ਸਮਾਰੋਹ ਵਿਚ ਇਹ ਨਮੂਨਾ ਸਰਦਾਰ ਪਟੇਲ ਨੂੰ ਦਿੰਦੇ ਹੋਏ ਜਵਾਹਰ ਲਾਲ ਨਹਿਰੂ—7 ਅਪ੍ਰੈਲ 1949—ਮਗਰੋਂ ਸਰਦਾਰ ਪਟੇਲ ਨੇ ਇਹ ਹਵਾਈ ਫ਼ੌਜ ਨੂੰ ਦੇ ਦਿਤਾ।






ਜਨਮ-ਦਿਨ ਤੇ ਆਏ ਸ਼ੁਭ-ਇੱਛਾ ਦੇ ਸੁਨੇਹਿਆਂ ਨੂੰ ਵੇਖਦਿਆਂ—31 ਅਕਤੂਬਰ 1941



ਨਹਿਰੂ ਅਤੇ ਇੰਦਰਾ ਦੇ ਨਾਲ ਪਟੇਲ



ਭਾਰਤੀ ਸੰਵਿਧਾਨ ਤੇ ਦਸਖ਼ਤ ਕਰਦੇ ਹੋਏ—24 ਜਨਵਰੀ 1950




ਠੱਕਰ ਬਾਪਾ ਦੇ ਨਾਲ



ਡਾ: ਰਾਜਿੰਦਰ ਪ੍ਰਸਾਦ ਅਤੇ ਮੌਲਾਨਾ ਆਜ਼ਾਦ ਦੇ ਨਾਲ

ਕੰਨਿਆ ਕੁਮਾਰੀ ਮੰਦਰ ਵਿਚ—ਮਈ 1950





ਭਾਰਤੀ ਸਮੁੰਦਰੀ ਫ਼ੌਜੀ ਜਹਾਜ਼ 'ਦਿੱਲੀ' ਤੇ—18 ਮਈ 1950



"ਕੰਮ ਭਾਵੇਂ ਪੂਜਾ ਹੈ, ਪਰ ਹੱਸਣਾ ਹੀ ਜ਼ਿੰਦਗੀ ਹੈ"—ਸਰਦਾਰ ਪਟੇਲ

ਆਜ਼ਾਦੀ ਦੇ ਸੰਗਰਾਮੀਏ

ਸਾਡੀ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਵਿਚ ਸੰਨ 1929 ਦਾ ਵਰ੍ਹਾ ਅਤਿਅੰਤ ਮਹੱਤਵਪੂਰਣ ਹੈ। ਇਸ ਵਰ੍ਹੇ ਲਾਹੌਰ ਕਾਂਗਰਸ ਦੇ ਚੇਅਰਮੈਨ ਸਨ ਪੰ. ਜਵਾਹਰ ਲਾਲ ਨਹਿਰੂ। ਭਾਵੇਂ ਜ਼ਿਆਦਾਤਰ ਸੂਬੇ ਗਾਂਧੀ ਜੀ ਨੂੰ ਚੇਅਰਮੈਨ ਬਣਾਉਣ ਦੇ ਹੱਕ ਵਿਚ ਸਨ ਪਰ ਗਾਂਧੀ ਜੀ ਚਾਹੁੰਦੇ ਸਨ ਕਿ ਹੁਣ ਦੇਸ਼ ਦੀ ਵਾਗਡੋਰ ਨੌਜੁਆਨ ਸੰਭਾਲਣ। ਇਸੇ ਲਈ ਉਨ੍ਹਾਂ ਨੇ ਜਵਾਹਰ ਲਾਲ ਜੀ ਦੇ ਹੱਕ ਵਿਚ ਆਪਣੀ ਸਾਰੀ ਤਾਕਤ ਲਾ ਦਿਤੀ।

ਇਸ ਚੋਣ ਨਾਲ ਭਾਰਤ ਵਿਚ ਇਕ ਨਵੇਂ ਯੁਗ ਦਾ ਆਰੰਭ ਹੋਇਆ। 31 ਦਸੰਬਰ, 1929 ਨੂੰ ਰਾਤ ਦੇ ਬਾਰਾਂ ਵਜੇ ਰਾਵੀ ਦੇ ਕੰਢੇ ਸ੍ਰੀ ਜਵਾਹਰ ਲਾਲ ਨਹਿਰੂ ਨੇ ਕਾਂਗਰਸ ਚੇਅਰਮੈਨ ਦੀ ਹੈਸੀਅਤ ਵਿਚ ਸਾਰੇ ਦੇਸ਼ ਦੇ ਲਈ ਪੂਰਨ ਸੁਤੰਤਰਤਾ ਦੇ ਟੀਚੇ ਦਾ ਐਲਾਨ ਕੀਤਾ ਅਤੇ ਆਜ਼ਾਦੀ ਦਾ ਝੰਡਾ ਲਹਿਰਾਇਆ।

ਇਸ ਦੇ ਮਗਰੋਂ ਘਟਨਾਵਾਂ ਬੜੀ ਤੇਜ਼ੀ ਨਾਲ ਵਾਪਰੀਆਂ। ਸੰਨ 1928 ਵਿਚ ਜਿਹੜਾ ਸਾਈਮਨ ਕਮਿਸ਼ਨ ਭਾਰਤ ਆਇਆ ਸੀ ਅਤੇ ਜਿਸ ਦਾ ਸਾਰੇ ਭਾਰਤ ਨੇ ਬਾਈਕਾਟ ਕੀਤਾ ਸੀ ਉਸੇ ਦੀਆਂ ਸਿਫ਼ਾਰਿਸ਼ਾਂ ਦੇ ਆਧਾਰ ਤੇ ਵਾਇਸਰਾਏ ਨੇ ਭਾਰਤ ਨੂੰ ਫੈਡਰਲ ਰਾਜ-ਪ੍ਰਬੰਧ ਦੇਣ ਦਾ ਟੀਚਾ ਪ੍ਰਵਾਨ ਕੀਤਾ ਅਤੇ ਲੰਡਨ ਵਿਚ ਸਾਰੀਆਂ ਪਾਰਟੀਆਂ ਦੀ ਗੋਲ ਮੇਜ਼ ਕਾਨਫਰੰਸ ਬੁਲਾਉਣ ਦਾ ਐਲਾਨ ਕੀਤਾ।

ਗਾਂਧੀ ਜੀ ਅੰਗਰੇਜ਼ੀ ਸਰਕਾਰ ਦੀ ਚਾਲ ਸਮਝਦੇ ਸਨ। ਉਨ੍ਹਾਂ ਨੇ ਇਸ ਐਲਾਨ ਦਾ ਸੁਆਗਤ ਕਰਦੇ ਹੋਏ ਆਪਣੀਆਂ ਪ੍ਰਸਿੱਧ 11 ਸ਼ਰਤਾਂ ਪੇਸ਼ ਕਰ ਦਿਤੀਆਂ ਪਰ ਸਰਕਾਰ ਉਨ੍ਹਾਂ ਨੂੰ ਪ੍ਰਵਾਨ ਹੀ ਨਹੀਂ ਕਰ ਸਕਦੀ ਸੀ। ਉਸ ਵਿਚ ਲੂਣ ਟੈਕਸ ਰੱਦ ਕਰਨ ਦੀ ਸ਼ਰਤ ਵੀ ਸੀ। ਇਸੇ ਸੁਆਲ ਨੂੰ ਲੈ ਕੇ ਗਾਂਧੀ ਜੀ ਨੇ ਲੂਣ-ਸਤਿਆਗ੍ਰਹਿ ਕਰਨ ਦਾ ਫੈਸਲਾ ਕੀਤਾ। ਉਹ 12 ਮਾਰਚ, 1930 ਨੂੰ ਆਪਣੇ ਪ੍ਰਸਿਧ ਡਾਂਡੀ-ਮਾਰਚ ਲਈ ਰਵਾਨਾ ਹੋਏ।

ਇਸ ਮਾਰਚ ਦੀ ਸਾਰੀ ਤਿਆਰੀ ਸਰਦਾਰ ਦੀ ਨਿਗਰਾਨੀ ਹੇਠ ਬਣੀ ਸੀ। ਏਧਰ ਗਾਂਧੀ ਜੀ ਮਾਰਚ ਦੀ ਤਿਆਰੀ ਵਿਚ ਲੱਗੇ, ਓਧਰ ਸਰਦਾਰ ਗੁਜਰਾਤ ਵਿਚ

ਘੁੰਮਣ ਲੱਗੇ। ਇਕ ਭਾਸ਼ਣ ਵਿਚ ਉਨ੍ਹਾਂ ਨੇ ਕਿਹਾ —

''ਹੁਣ ਇਕ ਅਜਿਹਾ ਧਰਮ-ਜੁੱਧ ਆਰੰਭ ਹੁੰਦਾ ਹੈ ਜਿਹੜਾ ਜਗਤ ਨੇ ਪਹਿਲਾਂ ਕਦੇ ਨਹੀਂ ਵੇਖਿਆ ਹੋਵੇਗਾ। ਇਹ ਅਜਿਹਾ ਜੁੱਧ ਹੈ ਜਿਸ ਵਿਚ ਇਕ ਪਾਸੇ ਸਾਰੀਆਂ ਸੱਚੀਆਂ ਤਾਕਤਾਂ ਦੀ, ਧਾਰਮਕ ਸ਼ਸਤਰਾਂ ਦੀ ਵਰਤੋਂ ਹੋਵੇਗੀ, ਦੂਜੇ ਪਾਸੇ ਮਾਰੂ ਤਾਕਤਾਂ ਦੀ, ਮਾਰੂ ਸ਼ਸਤਰਾਂ ਦੀ ਵਰਤੋਂ ਹੋਵੇਗੀ। ਇਸ ਲੜਾਈ ਵਿਚ ਤੁਹਾਡਾ ਕੀ ਹਿੱਸਾ ਹੋਵੇਗਾ ਅਤੇ ਤੁਸੀਂ ਕਿਸ ਪਾਸੇ ਹੋਵੋਗੇ ਇਸ ਦਾ ਫੈਸਲਾ ਤੁਸੀਂ ਆਪ ਕਰਨਾ ਹੈ।

''ਸਾਰੇ ਗੁਜਰਾਤੀਆਂ ਨੂੰ ਮੈਂ ਇਹ ਸੁਣਾਉਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੂੰ ਮੌਤ ਤੋਂ ਡਰ ਲਗਦਾ ਹੋਵੇ ਉਹ ਤੀਰਥ-ਯਾਤਰਾ ਕਰਨ ਤੁਰ ਜਾਣ। ਉਹ ਆਪਣੀ ਜਾਇਦਾਦ ਦਾ ਪ੍ਰਬੰਧ ਕਰਕੇ ਚਲੇ ਜਾਣ। ਜਿਨ੍ਹਾਂ ਕੋਲ ਪੈਸੇ ਹੋਣ ਉਹ ਵਿਦੇਸ਼ ਚਲੇ ਜਾਣ। ਜੇ ਤੁਸੀਂ ਸੱਚੇ ਗੁਜਰਾਤੀ ਹੋ ਤਾਂ, ਅਜਿਹਾ ਕੋਈ ਕੰਮ ਨਾ ਕਰਨਾ ਜਿਹੜਾ ਸ਼ਰਮਿੰਦਾ ਕਰਨ ਵਾਲਾ ਹੋਵੇ। ਸਿਰ ਨੀਵਾਂ ਕਰਕੇ ਕਦੀ ਨਾ ਘੁੰਮੋ। ਦਰਵਾਜ਼ੇ ਬੰਦ ਕਰਕੇ ਘਰ ਦੇ ਅੰਦਰ ਵੜੇ ਨਾ ਰਹੋ। ਥੋੜ੍ਹੇ ਹੀ ਦਿਨ ਬਾਕੀ ਹਨ...... ਪੁਰਾਣੇ ਵਡਿਆਂ ਤੋਂ ਸਾਨੂੰ ਜਿਹੜੀ ਤਾਲੀਮ ਅਤੇ ਸਿੱਖਿਆ ਮਿਲੀ ਹੈ ਉਹਦੀ ਹੁਣ ਪ੍ਰੀਖਿਆ ਹੋਣ ਵਾਲੀ ਹੈ।

''ਗੁਜਰਾਤ ਦੀ ਜਨਤਾ ਇਤਿਹਾਸ ਵਿਚ ਸੁਤੰਤਰਤਾ ਦਾ ਪਹਿਲਾ ਪੰਨਾ ਲਿਖ ਰਹੀ ਹੈ। ਪ੍ਰਮਾਤਮਾ ਉਹਨੂੰ ਤਾਕਤ ਬਖਸ਼ੇ। ਪ੍ਰਮਾਤਮਾ ਤੁਹਾਡਾ ਸਭ ਦਾ ਕਲਿਆਣ ਕਰੇ।''

ਉਨ੍ਹਾਂ ਦੇ ਇਸ ਤਰ੍ਹਾਂ ਦੇ ਭਾਸ਼ਣ ਦਾ ਗੁਜਰਾਤ ਦੀ ਜਨਤਾ ਤੇ ਬਹੁਤ ਅਸਰ ਪਿਆ। ਸਰਕਾਰ ਘਬਰਾ ਗਈ। ਉਸਨੇ 7 ਮਾਰਚ, 1930 ਨੂੰ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਸੇ ਦਿਨ ਤਿੰਨ ਮਹੀਨੇ ਦੀ ਸਖਤ ਕੈਦ ਅਤੇ 500 ਰੁਪਏ ਜੁਰਮਾਨਾ ਜਾਂ ਤਿੰਨ ਹਫਤੇ ਦੀ ਕੈਦ ਦੀ ਸਜ਼ਾ ਵੀ ਸੁਣਾ ਦਿੱਤੀ। ਡਾਂਡੀ- ਮਾਰਚ ਅਜੇ ਪੰਜ ਦਿਨ ਮਗਰੋਂ ੧੨ ਤਾਰੀਖ ਨੂੰ ਸ਼ੁਰੂ ਹੋਣ ਵਾਲਾ ਸੀ। ਗਾਂਧੀ ਜੀ ਨੇ ਏਨਾ ਹੀ ਕਿਹਾ, ''ਸਰਕਾਰ ਨੇ ਵਲਭਭਾਈ ਨੂੰ ਫੜਨ ਦੀ ਜਲਦੀ ਕਰਕੇ ਮਾਮਲਾ ਵਿਗਾੜ ਲਿਆ।''

ਜਦੋਂ ਉਹ ਛੁੱਟੇ ਤਾਂ ਸਾਰਾ ਦੇਸ਼ ਜੇਲ੍ਹ-ਖ਼ਾਨਾ ਬਣਿਆ ਹੋਇਆ ਸੀ। ਉਹ ਵੀ ਉਸ ਅਨੋਖੇ ਸੰਗਰਾਮ ਵਿਚ ਜੁੱਟ ਗਏ। ਪੰ. ਮੋਤੀ ਲਾਲ ਨਹਿਰੂ ਦੇ ਮਗਰੋਂ ਉਹ ਰਾਸ਼ਟਰਪਤੀ ਬਣੇ ਅਤੇ 13 ਜੂਨ 1930 ਨੂੰ ਮੁੜ ਗ੍ਰਿਫਤਾਰ ਕਰ ਲਏ ਗਏ। ਉਨ੍ਹਾਂ ਨੂੰ ਫੇਰ ੩ ਮਹੀਨੇ ਦੀ ਸਜ਼ਾ ਹੋਈ। ਲੂਣ ਸਤਿਆਗ੍ਰਹਿ ਦੇ ਨਾਲ ਗੁਜਰਾਤ ਵਿਚ ਕਰ ਬੰਦੀ ਅੰਦੋਲਨ ਵੀ ਚਲ ਰਿਹਾ ਸੀ। ਸਮਝੌਤੇ ਦੀ ਗੱਲਾਂ ਵੀ ਚਲ ਰਹੀਆਂ ਸਨ।

ਸ੍ਰੀ ਤੇਜ ਬਹਾਦਰ ਸਪਰੂ ਅਤੇ ਸ੍ਰੀ ਜੈ ਕਰ ਯਰਵੜਾ ਜੇਲ੍ਹ ਵਿਚ ਗਾਂਧੀ ਜੀ ਨੂੰ ਕਈ ਵਾਰ ਮਿਲ ਚੁੱਕੇ ਸਨ।

ਇਸੇ ਸਮੇਂ ਸਰਦਾਰ ਬਾਹਰ ਆਏ। ਸਰਕਾਰ ਚਾਹੁੰਦੀ ਸੀ ਕਿ ਸਰਦਾਰ ਭਾਸ਼ਣ ਨਾ ਦੇਣ ਪਰ ਉਹ ਕਦੋਂ ਮੰਨਣ ਵਾਲੇ ਸਨ। ਇਸੇ ਲਈ ਦਸੰਬਰ ਦੇ ਦੂਜੇ ਹਫਤੇ ਵਿਚ ਉਹ ਮੁੜ ਗ੍ਰਿਫਤਾਰ ਕਰ ਲਏ ਗਏ। ਇਸ ਵਾਰ ਉਨ੍ਹਾਂ ਨੂੰ ਨੌਂ ਮਹੀਨੇ ਦੀ ਸਜ਼ਾ ਮਿਲੀ।

ਉਸ ਸਮੇਂ ਇੰਗਲੈਂਡ ਵਿਚ ਪਹਿਲੀ ਗੋਲਮੇਜ਼ ਕਾਨਫਰੰਸ ਹੋ ਰਹੀ ਸੀ। ਭਾਰਤ ਵਿਚ ਨਰਮ ਦਲ ਦੇ ਆਗੂ ਕਾਂਗਰਸੀ ਆਗੂਆਂ ਨੂੰ ਸਮਝਾ ਰਹੇ ਸਨ। ਸਿੱਟਾ ਇਹ ਹੋਇਆ ਕਿ 25 ਜਨਵਰੀ, 1931 ਨੂੰ 26 ਵੱਡੇ ਆਗੂਆਂ ਨੂੰ ਜੇਲ੍ਹ ਚੋਂ ਛੱਡ ਦਿਤਾ ਗਿਆ। ਉਨ੍ਹਾਂ ਵਿਚ ਸਰਦਾਰ ਪਟੇਲ ਵੀ ਸਨ। ਇਸ ਗੱਲਬਾਤ ਦਾ ਅੰਤ ਹੋਇਆ ਪ੍ਰਸਿਧ 'ਗਾਂਧੀ-ਇਰਵਨ ਪੈਕਟ' ਵਿਚ। ਪਰੰਤੂ ਉਹਦੇ ਕੁਝ ਹੀ ਦਿਨ ਮਗਰੋਂ ਲਾਰਡ ਇਰਵਨ ਚਲੇ ਗਏ ਅਤੇ ਉਨ੍ਹਾਂ ਦੀ ਥਾਂ ਤੇ ਆਏ ਲਾਰਡ ਵਿਲਿੰਗਡਨ। ਉਹ ਸੱਤਾਵਾਦੀ ਸਨ। ਇਸ ਲਈ ਇਹ ਸਮਝੌਤਾ ਬਹੁਤ ਦੇਰ ਤਕ ਨਹੀਂ ਚਲ ਸਕਿਆ। ਗਾਂਧੀ ਜੀ ਦੂਜੀ ਗੋਲਮੇਜ਼ ਕਾਨਫਰੰਸ ਵਿਚ ਹਿਸਾ ਲੈਣ ਇੰਗਲੈਂਡ ਗਏ ਜ਼ਰੂਰ, ਪਰ ਮਿਲਿਆ ਕੁਝ ਨਹੀਂ।

ਇਸ ਵਰ੍ਹੇ ਕਾਂਗਰਸ ਦਾ ਸਮਾਗਮ ਮਾਰਚ ਵਿਚ ਕਰਾਚੀ ਵਿਚ ਹੋਇਆ ਸੀ। ਚੇਅਰਮੈਨ ਸਨ ਆਪਣੇ ਸਰਦਾਰ। ਉਨ੍ਹਾਂ ਦਾ ਭਾਸ਼ਣ ਸਾਰੇ ਚੇਅਰਮੈਨਾਂ ਦੇ ਭਾਸ਼ਣਾਂ ਤੋਂ ਛੋਟਾ ਸੀ। ਕਿਸਾਨ ਭਾਸ਼ਣ ਨਹੀਂ ਦਿੰਦਾ, ਕੰਮ ਕਰਦਾ ਹੈ। ਤਦੇ ਤਾਂ ਉਹ ਕਹਿ ਸਕੇ ਸਨ, "ਮੈਂ ਜਿਹੜਾ ਥੋੜ੍ਹਾ ਬਹੁਤ ਕੰਮ ਕੀਤਾ ਉਹਦੇ ਲਈ ਤੁਸੀਂ ਮੈਨੂੰ ਸਨਮਾਨ ਦੇ ਰਹੇ ਹੋ, ਅਜਿਹਾ ਮੈਂ ਨਹੀਂ ਮੰਨਦਾ ਬਲਕਿ ਗੁਜਰਾਤ ਨੇ ਪਿਛਲੇ ਵਰ੍ਹਿਆਂ ਵਿਚ ਜਿਹੜੇ ਬਲੀਦਾਨ ਦਿਤੇ ਹਨ ਤੁਸੀਂ ਉਨ੍ਹਾਂ ਦਾ ਸਨਮਾਨ ਕਰ ਰਹੇ ਹੋ।" ਸਾਡੇ ਸਰਦਾਰ ਦੇ ਚੇਅਰਮੈਨ ਹੁੰਦਿਆਂ ਹੀ ਕਾਂਗਰਸ ਨੇ ਆਪਣੇ ਮਸ਼ਹੂਰ ਆਰਥਕ ਪ੍ਰੋਗਰਾਮ ਦਾ ਐਲਾਨ ਕੀਤਾ।

ਜਿਸ ਸਮੇਂ ਗਾਂਧੀ ਜੀ ਇੰਗਲੈਂਡ ਵਿਚ ਸਨ ਭਾਰਤ ਵਿਚ ਕੁਚਲਣ ਦਾ ਬੋਲ-ਬਾਲਾ ਸੀ। ਸੀਮਾ ਪ੍ਰਾਂਤ ਵਿਚ ਖ਼ੁਦਾਈ ਖ਼ਿਦਮਤਗਾਰਾਂ ਉੱਤੇ ਅਨੇਕ ਪ੍ਰਕਾਰ ਦੇ ਅਤਿਆਚਾਰ ਕੀਤੇ ਜਾ ਰਹੇ ਸਨ। ਗੁਜਰਾਤ ਵਿਚ ਸਰਕਾਰ ਬਾਰਦੋਲੀ ਸਮਝੌਤੇ ਦੀਆਂ ਸ਼ਰਤਾਂ ਦਾ ਪਾਲਣ ਨਹੀਂ ਕਰ ਰਹੀ ਸੀ। ਸਰਦਾਰ ਇਹ ਸਭ ਨਹੀਂ ਸਹਿ ਸਕਦੇ ਸਨ। ਉਨ੍ਹਾਂ ਨੇ ਗਾਂਧੀ ਜੀ ਨੂੰ ਚਿੱਠੀ ਲਿਖ ਕੇ ਜਲਦੀ ਪਰਤ ਆਉਣ ਦੀ

ਸਲਾਹ ਦਿਤੀ ।

ਗਾਂਧੀ ਜੀ ਦਸੰਬਰ ਵਿਚ ਭਾਰਤ ਆਏ । ਉਨ੍ਹਾਂ ਨੇ ਸਾਰੀ ਹਾਲਤ ਦਾ ਅਧਿਐਨ ਕਰਕੇ ਵਾਇਸਰਾਏ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਪਰੰਤੂ ਉਹ ਟੱਸ ਤੋਂ ਮੱਸ ਨਾ ਹੋਇਆ । ਉਨ੍ਹਾਂ ਨੇ ਜਵਾਹਰ ਲਾਲ ਜੀ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ । 4 ਜਨਵਰੀ. 1932 ਨੂੰ ਗਾਂਧੀ ਜੀ ਅਤੇ ਸਰਦਾਰ ਨੂੰ ਵੀ ਕੈਦੀ ਬਣਾ ਲਿਆ । ਉਹ ਦੋਵੇਂ ਸੋਲਾਂ ਮਹੀਨੇ ਤਕ ਨਾਲ-ਨਾਲ ਜੇਲ੍ਹ ਵਿਚ ਰਹੇ ।

ਮਹਾਦੇਵ ਭਾਈ ਨੇ ਉਨ੍ਹਾਂ ਦਿਨਾਂ ਦੇ ਕੁਝ ਮੂੰਹ ਬੋਲਦੇ ਚਿੱਤਰ ਆਪਣੀ ਡਾਇਰੀ ਵਿਚ ਅੰਕਤ ਕੀਤੇ ਹਨ । ਉਹ ਚਾਹ ਪੀਂਦੇ ਸਨ । ਉਨ੍ਹਾਂ ਨੇ ਸਰਦਾਰ ਤੋਂ ਪੁੱਛਿਆ, "ਕੀ ਤੁਸੀਂ ਚਾਹ ਪੀਣੀ ਬੰਦ ਕਰ ਦਿਤੀ ਹੈ ?"

ਸਰਦਾਰ ਕਹਿਣ ਲਗੇ, "ਇਥੇ ਬਾਪੂ ਦੇ ਨਾਲ ਹੁਣ ਕੀ ਚਾਹ ਪੀਏ । ਮੈਂ ਤਾਂ ਨਿਸਚੇ ਕਰ ਲਿਆ ਹੈ ਕਿ ਉਹ ਜੋ ਖਾਣ ਸੋ ਖਾਣਾ । ਚੋਲ ਛੱਡ ਦਿਤੇ ਅਤੇ ਸਾਗ ਉਬਾਲਣ ਦਾ ਨਿਸਚੇ ਕੀਤਾ ਅਤੇ ਦੋ ਵਾਰ ਦੁੱਧ ਰੋਟੀ ਖਾਣ ਦਾ । ਬਾਪੂ ਵੀ ਰੋਟੀ ਖਾਂਦੇ ਹਨ ।"

ਸੇਵਾ ਦੀ ਇਹ ਗੱਲ ਸੀ ਕਿ ਬਾਪੂ ਦੇ ਲਈ ਸੋਡਾ ਬਣਾਉਣ, ਖਜੂਰ ਸਾਫ਼ ਕਰਨੀ, ਦਾਤਨ ਤਿਆਰ ਕਰਨੀ, ਆਦਿ ਉਨ੍ਹਾਂ ਨੇ ਆਪ ਹੀ ਆਪਣੇ ਜ਼ਿੰਮੇ ਲੈ ਲਿਆ ਸੀ । ਏਨੇ ਤੇ ਵੀ ਸਬਰ ਨਹੀਂ ਸੀ । ਹੱਸਦੇ-ਹੱਸਦੇ ਕਹਿਣ ਲੱਗੇ, "ਮੈਨੂੰ ਕੀ ਪਤਾ ਸੀ ਕਿ ਇਥੇ ਮੇਰੇ ਨਾਲ ਰਹਿਣਗੇ । ਪਤਾ ਹੁੰਦਾ ਤਾਂ ਕਾਕਾ ਤੋਂ ਪੁੱਛ ਲੈਂਦਾ ਕਿ ਬਾਪੂ ਦਾ ਕੀ ਕੀ ਕੰਮ ਕਰਨਾ ਹੁੰਦਾ ਹੈ । ਬਾਪੂ ਤਾਂ ਕੁੱਝ ਕਹਿੰਦੇ ਨਹੀਂ, ਇਸ ਲਈ ਪਤਾ ਨਹੀਂ ਲਗਦਾ ।"

ਇਕ ਦਿਨ ਬਾਪੂ ਪੌਣੇ ਚਾਰ ਦੀ ਥਾਂ ਤਿੰਨ ਵਜੇ ਉੱਠ ਪਏ । ਪ੍ਰਾਥਨਾ ਆਦਿ ਕਰ ਲੈਣ ਮਗਰੋਂ ਉਹਨਾਂ ਨੇ ਸਰਦਾਰ ਨੂੰ ਕਿਹਾ, "ਤੁਸੀਂ ਬਾਕੀ ਦੀ ਨੀਂਦ ਪੂਰੀ ਕਰ ਲਓ ।"

ਸਰਦਾਰ ਕਹਿਣ ਲਗੇ, "ਨਹੀਂ, ਅਸੀਂ ਤਾਂ ਤੁਹਾਡੇ ਪਿੱਛੇ-ਪਿੱਛੇ ਚਲਾਂਗੇ ।"

ਇਹ ਪਿੱਛੇ ਚਲਣਾ ਕੇਵਲ ਸ਼ਬਦਾਂ ਵਿਚ ਨਹੀਂ ਸੀ । ਸਰਦਾਰ ਦੇ ਰੋਮ-ਰੋਮ 'ਚੋਂ ਇਹੀ ਅਵਾਜ਼ ਨਿਕਲਦੀ ਹੁੰਦੀ ਸੀ । ਉਸ ਦਿਨ ਕਿਸੇ ਪ੍ਰਸੰਗ ਵਿਚ ਬਾਪੂ ਕਹਿਣ ਲੱਗੇ, "ਕਿਸੇ ਨਾ ਕਿਸੇ ਦਿਨ ਤਾਂ ਕਿਸੇ ਦੇ ਮੋਢਿਆਂ ਤੇ ਚੜ੍ਹਨਾ ਪਏਗਾ ਨਾ ।" ਸਰਦਾਰ ਨੇ ਕਿਹਾ, "ਨਹੀਂ, ਨਹੀਂ, ਅਜਿਹਾ ਨਹੀਂ ਹੋ ਸਕਦਾ । ਦੇਸ਼ ਨੂੰ ਮੰਝਧਾਰ ਵਿਚ ਛੱਡ ਕੇ ਤੁਸੀਂ ਕਿਵੇਂ ਜਾ ਸਕਦੇ ਹੋ । ਇਕ ਵਾਰ ਜਹਾਜ਼ ਨੂੰ ਕੰਢੇ ਤੇ ਪੁਚਾ ਦਿਉ, ਫੇਰ ਜਿਥੇ ਜਾਣਾ ਹੋਏ ਚਲੇ ਜਾਣਾ । ਮੈਂ ਨਾਲ ਚਲਾਂਗਾ ।"

ਕੋਈ ਇਹ ਨਾ ਸਮਝੇ ਕਿ ਬਾਪੂ ਏਨੀ ਭਗਤੀ ਦੇਖ ਕੇ ਉਹਨਾਂ ਤੋਂ ਕੋਈ ਕੰਮ ਨਹੀਂ ਲੈਂਦੇ ਸਨ। ਉਹਨਾਂ ਨੇ ਇਕ ਖ਼ਤ ਲਿਖਵਾਉਣਾ ਸੀ। ਮਹਾਦੇਵ ਕੱਤ ਰਹੇ ਸਨ। ਬਾਪੂ ਨੇ ਕਿਹਾ, "ਇਹਨੂੰ ਕੱਤਣੋਂ ਤਾਂ ਕਿਸੇ ਤਰ੍ਹਾਂ ਛੁਡਵਾਇਆ ਨਹੀਂ ਜਾ ਸਕਦਾ।" ਇਸ ਤੇ ਸਰਦਾਰ ਕਹਿਣ ਲਗੇ "ਮੈਨੂੰ ਲਿਖਵਾਓ।" ਬਾਪੂ ਨੇ ਕਿਹਾ, "ਬੇਸ਼ਕ ਲਿਖੋ, ਤੁਹਾਡੇ ਤੇ ਮੈਨੂੰ ਤਰਸ ਆਏਗਾ, ਇਹ ਨਾ ਸਮਝਣਾ।" ਫੇਰ ਚਿੱਠੀ ਹੀ ਨਹੀਂ ਲਿਖਵਾਈ ਸਗੋਂ ਸਾਮ ਨੂੰ ਇਕ ਲੰਮੀ ਚਿੱਠੀ ਦੀ ਨਕਲ ਵੀ ਕਰਵਾਈ। ਇਕ ਘੰਟਾ ਲੱਗਿਆ। ਮਹਾਦੇਵ ਨੇ ਟੋਕਿਆ ਤਾਂ ਬਾਪੂ ਕਹਿਣ ਲਗੇ, "ਥੱਕ ਜਾਣਗੇ, ਤਾਂ ਛੱਡ ਦੇਣਗੇ।" ਪਰ ਸਰਦਾਰ ਬਾਪੂ ਦਾ ਕੰਮ ਕਰਦੇ ਥੱਕੇ ਕਿੱਥੇ ?

ਉਹ ਦਾਤਨ ਕੁੱਟਣ ਅਤੇ ਬਦਾਮ ਪੀਹਣ ਦਾ ਕੰਮ ਹੀ ਨਾ ਕਰਦੇ ਸਗੋਂ ਲਫਾਫੇ ਵੀ ਬਣਾਉਂਦੇ ਸਨ। ਇਕ ਦਿਨ ਉਹਨਾਂ ਨੇ ਇਕ ਪੁਸਤਕ ਦੀ ਜਿਲਦ ਵੀ ਬੰਨ੍ਹੀ। ਉਹਨਾਂ ਦੀ ਕੰਮ ਦੀ ਸਮਰੱਥਾ ਦੀ ਪ੍ਰਸੰਸਾ ਬਾਪੂ ਨੇ ਆਪ ਕੀਤੀ ਹੈ। ਇਕ ਪੱਤਰ ਵਿਚ ਲਿਖਿਆ, "ਲਫ਼ਾਫ਼ਿਆਂ ਵਿਚ ਤਾਂ ਕੋਈ ਉਹਨਾਂ ਦੀ ਬਰਾਬਰੀ ਨਹੀਂ ਕਰ ਸਕਦਾ। ਲਿਫਾਫੇ ਉਹ ਨਾਪਣ ਤੋਂ ਬਿਨਾਂ ਬਣਾਉਂਦੇ ਹਨ ਅਤੇ ਅੰਦਾਜ਼ੇ ਨਾਲ ਕੱਟਦੇ ਹਨ, ਪਰੰਤੂ ਬਰਾਬਰ ਦੇ ਨਿਕਲਦੇ ਹਨ ਅਤੇ ਫੇਰ ਵੀ ਅਜਿਹਾ ਨਹੀਂ ਲਗਦਾ ਕਿ ਇਸ ਵਿਚ ਬਹੁਤ ਸਮਾਂ ਲਗਦਾ ਹੋਏ। ਉਹਨਾਂ ਦਾ ਪ੍ਰਬੰਧ ਹੈਰਾਨੀ ਵਾਲਾ ਹੈ। ਜੋ ਕੁਝ ਕਰਨਾ ਹੋਏ, ਉਹਨੂੰ ਯਾਦ ਰੱਖਣ ਲਈ ਛੱਡਦੇ ਹੀ ਨਹੀਂ। ਜਿਵੇਂ ਆਖਿਆ ਉਵੇਂ ਹੀ ਕਰ ਕੇ ਪਾਸੇ ਕੀਤਾ। ਜਦੋਂ ਤੋਂ ਕੱਤਣਾ ਸੁਰੂ ਕੀਤਾ ਹੈ ਉਦੋਂ ਤੋਂ ਲਗਾਤਾਰ ਸਮੇਂ ਤੇ ਕੱਤਦੇ ਹਨ। ਇਸ ਤਰ੍ਹਾਂ ਸੂਤ ਵਿਚ ਅਤੇ ਗਤੀ ਵਿਚ ਰੋਜ਼ ਸੁਧਾਰ ਹੁੰਦਾ ਜਾ ਰਿਹਾ ਹੈ। ਹੱਥ ਵਿਚ ਲਿਆ ਕੰਮ ਭੁਲ ਜਾਣ ਦੀ ਗੱਲ ਤਾਂ ਸਾਇਦ ਹੀ ਹੁੰਦੀ ਹੋਏ।"

ਪਰੰਤੂ ਏਨੀ ਪ੍ਰਸੰਸਾ ਕਰਨ ਦੇ ਮਗਰੋਂ ਵੀ ਬਾਪੂ ਉਹਨਾਂ ਨੂੰ ਝਿੜਕਦੇ ਵੀ ਘੱਟ ਨਹੀਂ ਸਨ ਇਕ ਦਿਨ ਸਵੇਰੇ ਨੌਂ ਵਜੇ ਸੋਡਾ ਅਤੇ ਨਿੰਬੂ ਦਿੰਦੇ ਸਮੇਂ ਬਾਪੂ ਨੇ ਸਰਦਾਰ ਨੂੰ ਕਿਹਾ, "ਕੀ ਤੁਹਾਨੂੰ ਨਰਸਿੰਗ ਦਾ ਇਕ ਕੋਰਸ ਦੇਣ ਦੀ ਜ਼ਰੂਰਤ ਨਹੀਂ ? ਦੇਖੋ ਨਾ ਤੁਸੀਂ ਚਮਚਾ ਉਤੋਂ ਫੜਨ ਦੀ ਬਜਾਏ ਬਿਲਕੁਲ ਮੂੰਹ ਕੋਲੋਂ ਫੜਿਆ ਹੈ। ਇਹ ਸਾਰਾਂ ਚਮਚਾ ਗਲਾਸ ਵਿਚ ਜਾਏਗਾ। ਇਸ ਲਈ ਉਸ ਜਗ੍ਹਾ ਉਸਨੂੰ ਹੱਥ ਨਾਲ ਨਹੀਂ ਛੋਹਣਾ ਚਾਹੀਦਾ ਅਤੇ ਜਿਸ ਰੁਮਾਲ ਨਾਲ ਤੁਸੀਂ ਆਪਣਾ ਮੂੰਹ ਪੂੰਝਦੇ ਹੋ, ਉਸੇ ਨਾਲ ਤੁਸੀਂ ਇਹ ਚਮਚਾ ਸਾਫ ਕੀਤਾ। ਇਹ ਵੀ ਨਹੀਂ ਹੋਣਾ ਚਾਹੀਦਾ, ਪੀ ਕੇ ਗਲਾਸ ਐਵੇਂ ਮੂਧੇ ਨਹੀਂ ਰਖ ਦੇਣੇ ਚਾਹੀਦੇ ; ਜੇਕਰ ਤੁਸੀਂ ਇਸ ਆਸ ਨਾਲ ਮੂਧੇ ਰਖਦੇ ਹੋ ਕਿ ਧੁਪ ਜਾਂਦੇ ਹੋਣਗੇ ਤਾਂ ਮੈਂ ਦੱਸ ਦਿਆਂ, ਕਿ ਉਹ ਅਕਸਰ ਧੋਤੇ ਨਹੀਂ ਜਾਂਦੇ।"

ਪਰ ਇਸਦਾ ਇਹ ਅਰਥ ਨਹੀਂ ਕਿ ਨਰਾਜ਼ ਹੋਣ ਦਾ ਹੱਕ ਕੇਵਲ ਬਾਪੂ ਦਾ ਹੀ ਸੀ, ਸਰਦਾਰ ਵੀ ਮੌਕਾ ਨਹੀਂ ਗੁਆਉਂਦੇ ਸਨ, ਪਰ ਉਹਦੇ ਪਿਛੇ ਸਦਾ ਬਾਪੂ ਦੇ ਪ੍ਰਤੀ ਪਿਆਰ ਹੁੰਦਾ ਸੀ ।

ਇਕ ਵਾਰ ਬਾਪੂ ਨੇ ਸੌਣ ਲਈ ਨਾਰੀਅਲ ਦੇ ਵਾਣ ਦੀ ਮੰਜੀ ਮੰਗਵਾਈ । ਉਹਨੂੰ ਦੇਖ ਕੇ ਸਰਦਾਰ ਤਿਲਮਿਲਾ ਉੱਠੇ । ਕਹਿਣ ਲਗੇ, "ਕੀ ਕਿਹਾ ? ਇਸ ਤੇ ਵੀ ਸੌਂਦੇ ਹੋਵੋਗੇ ? ਗੱਦੇ ਵਿਚ ਨਾਰੀਅਲ ਦੇ ਵਾਲ ਕੀ ਘੱਟ ਹਨ ਜਿਹੜਾ ਨਾਰੀਅਲ ਦੇ ਵਾਣ ਤੇ ਸੌਣਾ ਹੈ ?"

ਬਾਪੂ : ਪਰੰਤੂ ਵੇਖੋ ਤਾਂ ਸਹੀ, ਇਹ ਮੰਜੀ ਕਿੰਨੀ-ਸਾਫ਼ ਰਹਿ ਸਕਦੀ ਹੈ ।

ਸਰਦਾਰ : ਤੁਸੀਂ ਵੀ ਖ਼ੂਬ ਹੋ, ਇਸ ਤੇ ਤਾਂ ਚਾਰੇ ਕੋਨਿਆਂ ਤੇ ਨਾਰੀਅਲ ਬੰਨ੍ਹਣਾ ਬਾਕੀ ਹੈ ; ਅਜਿਹੀ ਬਦਸ਼ਕਲ ਮੰਜੀ ਨਾਲ ਕੰਮ ਨਹੀਂ ਚਲੇਗਾ । ਇਸ ਤੇ ਕਲ੍ਹ ਨਵਾਰ ਪਵਾ ਦਿਆਂਗਾ ।

ਬਾਪੂ : ਨਹੀਂ ਵੱਲਭਭਾਈ, ਨਵਾਰ ਵਿਚ ਮਿੱਟੀ ਘੱਟਾ ਭਰ ਜਾਂਦਾ ਹੈ, ਨਵਾਰ ਧੋਤੀ ਨਹੀਂ ਜਾ ਸਕਦੀ, ਇਸ ਤੇ ਪਾਣੀ ਮਾਰਿਆ ਤੇ ਸਾਫ਼ ।

ਸਰਦਾਰ : ਨਵਾਰ ਧੋਬੀ ਨੂੰ ਦਿਤੀ ਕਿ ਦੂਜੇ ਦਿਨ ਸਾਫ਼ ਹੋ ਕੇ ਆਈ ।

ਬਾਪੂ : ਪਰੰਤੂ ਇਹ ਹਸੀ ਕੱਢਣੀ ਨਹੀਂ ਪੈਂਦੀ, ਇਥੇ ਹੀ ਧੋਤੀ ਜਾ ਸਕਦੀ ਹੈ ।

ਮਹਾਦੇਵ : ਹਾਂ, ਬਾਪੂ । ਇਹ ਤਾਂ ਗਰਮ ਪਾਣੀ ਨਾਲ ਧੋਤੀ ਜਾ ਸਕਦੀ ਹੈ, ਅਤੇ ਇਸ ਵਿਚ ਮਾਂਗਣੂੰ ਵੀ ਨਹੀਂ ਰਹਿ ਸਕਦੇ ।

ਸਰਦਾਰ : ਚੰਗਾ, ਹੁਣ ਤੂੰ ਵੀ ਰਾਏ ਦੇ ਦਿਤੀ ਹੈ । ਇਸ ਮੰਜੀ ਵਿਚ ਪਿੱਸੂ ਮਾਂਗਣੂੰ ਏਨੇ ਹੁੰਦੇ ਨੇ ਕਿ ਪੁੱਛੋ ਤਕ ਨਾ ।

ਬਾਪੂ : ਮੈਂ ਤਾਂ ਇਸੇ ਤੇ ਸੌਂਵਾਂਗਾ । ਭਾਵੇਂ ਤੁਸੀਂ ਅਜਿਹੀ ਨਾ ਮੰਗਾਉ । ਸਾਡੇ ਏਥੇ ਤਾਂ ਮੈਨੂੰ ਯਾਦ ਹੈ ਬਚਪਨ ਵਿਚ ਅਜਿਹੀਆਂ ਮੰਜੀਆਂ ਹੀ ਵਰਤਦੇ ਸਨ । ਮੇਰੀ ਮਾਂ ਇਹਨਾਂ ਤੇ ਅੱਦਰਕ ਛਿੱਲਦੀ ਸੀ ।

ਮਹਾਦੇਵ : ਇਹ ਕੀ ? ਇਹ ਤਾਂ ਮੈਂ ਨਹੀਂ ਸਮਝਿਆ ?

ਬਾਪੂ : ਅੱਦਰਕ ਦਾ ਆਚਾਰ ਪਾਉਣਾ ਹੁੰਦਾ ਤਾਂ ਅੱਦਰਕ ਨੂੰ ਚਾਕੂ ਨਾਲ ਸਾਫ਼ ਕਰਨ ਦੀ ਬਜਾਏ ਮੰਜੀ ਤੇ ਰਗੜਦੇ, ਜਿਸ ਨਾਲ ਸਭ ਛਿਲੜ ਸਾਫ਼ ਹੋ ਜਾਂਦੇ ।

ਸਰਦਾਰ : ਇਸੇ ਤਰ੍ਹਾਂ ਇਹਨਾਂ ਮੱਠੀ-ਕੁ ਹੱਡੀਆਂ ਤੋਂ ਖੱਲ੍ਹ ਉੱਧੜ ਜਾਏਗੀ । ਇਸੇ ਲਈ ਕਹਿੰਦਾ ਹਾਂ ਕਿ ਨਵਾਰ ਪਵਾ ਲਓ ।

ਬਾਪੂ ਨਹੀਂ ਮੰਨੇ । ਪਰ ਸਰਦਾਰ ਦੀ ਬਾਪੂ ਦੇ ਪ੍ਰਤੀ ਮਮਤਾ ਇਸ ਘਟਨਾ ਤੋਂ

ਸਪੱਸ਼ਟ ਹੁੰਦੀ ਹੈ ਅਤੇ ਨਾਲ ਹੀ ਇਹ ਉਹਨਾਂ ਦੇ ਹਾਜ਼ਰ-ਜਵਾਬ ਹੋਣ ਦਾ ਵੀ ਉਦਾ-ਹਰਣ ਹੈ। ਹਾਜ਼ਰ-ਜਵਾਬੀ ਅਤੇ ਵਿਅੰਗਾਤਮਕ ਮਜ਼ਾਕ ਤਾਂ ਸਰਦਾਰ ਦਾ ਗੁਣ ਹੈ।

ਕਿਸੇ ਗੰਭੀਰ ਰਾਜਸੀ ਗੱਲਬਾਤ ਦੇ ਦੌਰਾਨ ਮੌਲਾਨਾ ਅਜ਼ਾਦ ਨੇ ਕਿਹਾ, "ਹਾਂ! ਇਹ ਹੱਲ ਤਾਂ ਤਸੱਲੀਬਖ਼ਸ਼ ਹੈ।"

ਇਸ ਤੇ ਸਰਦਾਰ ਕਹਿਣ ਲਗੇ, "ਹੁਣ ਤਕ ਮੌਲਾਬਖ਼ਸ਼, ਅੱਲ੍ਹਾਬਖ਼ਸ਼ ਅਤੇ ਖ਼ੁਦਾਬਖ਼ਸ਼ ਦਾ ਨਾਂ ਤਾਂ ਸੁਣਿਆਂ ਸੀ! ਇਹ ਚੌਥਾ ਤਸੱਲੀਬਖ਼ਸ਼ ਕਿਥੋਂ ਆ ਗਿਆ?"

ਗਾਂਧੀ ਜੀ ਦਾ ਮਜ਼ਾਕ ਤਾਂ ਲੋਕ-ਪ੍ਰਸਿਧ ਹੈ, ਪਰੰਤੂ ਸਰਦਾਰ ਦਾ ਹਾਸ-ਰਸ ਜਨਤਾ ਦੇ ਸਾਹਮਣੇ ਨਹੀਂ ਆਇਆ; ਇਥੋਂ ਤਕ ਕਿ ਹੋਲੀ ਦੇ ਤਿਉਹਾਰ ਤੇ ਭੰਗ ਦੀ ਤਰੰਗ ਵਿਚ ਜਦੋਂ ਖਿਤਾਬ ਵੰਡੇ ਜਾਂਦੇ ਸਨ, ਤਾਂ ਵੀ ਉਹਨਾਂ ਦੇ ਹਿੱਸੇ 'ਹੈਵੀ ਟੈਂਕ' ਵਰਗੇ ਭਾਰੇ ਖਿਤਾਬ ਹੀ ਹੁੰਦੇ ਸਨ। ਵੈਸੇ ਵੀ ਆਮ ਤੌਰ ਤੇ ਉਹਨਾਂ ਦਾ ਹਾਸਾ ਟੈਂਕ ਤੋਂ ਘੱਟ ਭਾਰਾ ਨਹੀਂ ਹੁੰਦਾ ਸੀ। ਰਾਜਸੀ ਦਾਅ-ਪੇਚਾਂ ਵਿਚ ਉਹਨਾਂ ਦੀ ਹਾਸ-ਰਸ ਦੀ ਭਾਵਨਾ ਤਿੱਖੇ ਵਿਅੰਗ ਅਤੇ ਮਾਰੂ ਚਤੁਰਾਈ ਵਿਚ ਬਦਲ ਜਾਂਦੀ ਸੀ। ਇਸੇ ਲਈ ਜਨਤਾ ਉਹਨਾਂ ਨੂੰ ਤੇਜ਼-ਵਿਅੰਗਕਾਰ ਤਾਂ ਮੰਨਦੀ ਸੀ, ਪਰੰਤੂ ਉਹਨਾਂ ਲਈ ਇਹ ਗੱਲ ਕਿ ਸਰਦਾਰ ਬੱਚੇ ਦੀ ਨਿਆਈਂ ਹੱਸ ਸਕਦੇ ਸਨ, ਹੈਰਾਨੀ-ਪੂਰਣ ਸੀ। ਸੱਚਾਈ ਤਾਂ ਇਹ ਹੈ ਕਿ ਸ਼ਰਾਰਤ ਭਰਿਆ ਮਜ਼ਾਕ ਕਰਨ ਵਿਚ ਉਹ ਉਨੇ ਹੀ ਮਾਹਰ ਸਨ, ਜਿੰਨੇ ਵਿਰੋਧੀ ਨੂੰ ਮਾਰੂ ਚਤੁਰਾਈ ਨਾਲ ਕਬਜ਼ੇ ਵਿਚ ਕਰਨ ਵਿਚ। ਇਸ ਦੇ ਉਲਟ, ਉਹਨਾ ਦੇ ਵਿਅੰਗ ਵਿਚ ਚਾਹੇ ਉਹ ਕਿੰਨਾ ਹੀ ਤੇਜ਼ ਕਿਉਂ ਨਾ ਹੋਏ, ਇਕ ਕਮਜ਼ੋਰ ਮਨੁੱਖ ਦੀ ਬੁਰੀ ਭਾਵਨਾ, ਜਿਸ ਨੂੰ ਨੀਵੇਂ ਦਰਜੇ ਦਾ ਹਾਸ-ਰਸ ਕਿਹਾ ਜਾ ਸਕਦਾ ਹੈ, ਨਹੀਂ ਸੀ। ਸਰਦਾਰ ਦੂਜਿਆਂ ਤੇ ਹੱਸ ਸਕਦੇ ਸਨ, ਤਾਂ ਆਪਣੇ ਆਪ ਨੂੰ ਵੀ ਹਾਸੇ ਦਾ ਪਾਤਰ ਬਣਾ ਸਕਦੇ ਸਨ। ਉਹਨਾਂ ਦੀ ਹਾਸੇ ਦੀ ਆਦਤ ਬਹੁਤ ਕੁਝ ਸਵਾਮੀ ਦਇਆਨੰਦ ਸਰਸਵਤੀ ਵਾਂਗ ਸੀ। ਉਹਨਾਂ ਵਿਚ ਮੁਕਤ-ਹਾਸ ਵੀ ਸੀ ਅਤੇ ਤੇਜ਼ ਵਿਅੰਗ ਵੀ, ਪਰ ਵੇਗ ਦੀ ਘਾਟ ਉਹਨਾਂ ਵਿਚ ਕਦੇ ਨਹੀਂ ਮਿਲਦੀ। ਵੇਗ ਦੀ ਘਾਟ ਵਿਚ ਮਜ਼ਾਕ ਨੂੰ ਸਮਸ਼ਾਨ ਦਾ ਹਾਸਾ ਕਿਹਾ ਜਾ ਸਕਦਾ ਹੈ।

ਇਕ ਵਾਰ ਕੁਝ ਵਿਅੱਕਤੀ ਗਾਂਧੀ ਜੀ ਨੂੰ ਮਿਲਣ ਆਏ। ਰਾਹ ਵਿਚ ਸਰਦਾਰ ਮਿਲ ਪਏ। ਪੁੱਛਿਆ, "ਕਿਥੇ ਜਾ ਰਹੇ ਹੋ?"

ਉਹਨਾਂ ਨੇ ਜਵਾਬ ਦਿਤਾ, "ਗਾਂਧੀ ਜੀ ਨੂੰ ਮਿਲਣ!"

ਸਰਦਾਰ, "ਕਿਉਂ?"

ਉਹ, "ਬ੍ਰਹਮਚਾਰਜ ਤੇ ਕੁਝ ਗੱਲਾਂ ਕਰਨੀਆਂ ਹਨ।"

ਸਰਦਾਰ, "ਹੈਂ, ਬ੍ਰਹਮਚਾਰਜ ਤੇ ਗਾਂਧੀ ਜੀ ਨਾਲ ਕੀ ਗੱਲ ਕਰੋਗੇ ? ਉਹਨਾਂ ਦੇ ਚਾਰ ਪੁੱਤਰ ਹਨ। ਸਾਰੇ ਵਿਆਹੇ ਹੋਏ ਹਨ। ਖ਼ੁਦ ਉਹਨਾਂ ਦੀ ਪਤਨੀ ਜ਼ਿੰਦਾ ਹੈ। ਉਹ ਬ੍ਰਹਮਚਾਰਜ ਨੂੰ ਕੀ ਜਾਣਨ। ਬ੍ਰਹਮਚਾਰਜ ਦੀ ਗੱਲ ਮੇਰੇ ਨਾਲ ਕਰੋ। ਮੇਰੇ ਕੇਵਲ ਦੋ ਬੱਚੇ ਹਨ। ਬਹੁਤ ਪਹਿਲਾਂ ਮੇਰੀ ਪਤਨੀ ਮਰ ਗਈ, ਉਦੋਂ ਤੋਂ ਮੈਂ ਦੂਜਾ ਵਿਆਹ ਨਹੀਂ ਕਰਾਇਆ। ਬ੍ਰਹਮਚਾਰੀ ਤਾਂ ਮੈਂ ਹਾਂ।"

ਸ਼ਰਾਰਤ-ਪੂਰਣ ਮਜ਼ਾਕ ਦਾ ਸਭ ਤੋਂ ਵੱਡਾ ਉਦਾਹਰਣ ਬਾਪੂ ਦੀ ਲੰਗੋਟੀ ਵਾਲਾ ਹੈ। ਸੱਤਿਆਗ੍ਰਹਿ ਹਫ਼ਤਾ ਸ਼ੁਰੂ ਹੋਣ ਵਾਲਾ ਸੀ। ਇਸ ਲਈ ਪਿੰਜਾਈ ਵੀ ਸ਼ੁਰੂ ਕਰਨੀ ਸੀ। ਮਹਾਂਦੇਵ ਨੇ ਬਾਪੂ ਤੋਂ ਪੁੱਛਿਆ, "ਪਿੰਜਣ ਦੀ ਤੰਦ ਕਿਹੋ ਜਿਹੀ ਹੈ ? ਤੁਹਾਥੋਂ ਕਿੰਨੀ ਵਾਰ ਟੁੱਟੀ ਹੈ।"

ਬਾਪੂ ਨੇ ਜਵਾਬ ਦਿਤਾ, "ਜਤਨ ਕਰਨਾ ਆਉਂਦਾ ਹੋਏ ਤਾਂ ਕੁਝ ਵੀ ਨਾ ਟੁੱਟੇ। ਸ਼ੰਕਰਕਾਲ ਨੇ ਮੈਥੋਂ ਲਈ ਕਿ ਟੁੱਟੀ। ਕਾਕਾ ਨੇ ਮੈਥੋਂ ਲਈ ਕਿ ਟੁੱਟੀ, ਪਰੰਤੂ ਮੇਰੀ ਤਾਂ ਕਈ ਦਿਨ ਚਲਦੀ ਰਹਿੰਦੀ ਹੈ। ਇਹ ਤਾਂ ਜਤਨ ਦਾ ਕੰਮ ਹੈ। ਵੇਖੋ ਤਾ ਇਹ ਲੰਗੋਟੀ ਪਹਿਨੀ ਹੈ ਹੋਰ ਕਿਸੇ ਕੋਲ ਹੁੰਦੀ ਤਾਂ ਕਦੋ ਦੀ ਫੱਟ ਜਾਂਦੀ।

ਵੱਲਵਭਾਈ ਸੁਣ ਰਹੇ ਸਨ। ਉਸੇ ਪਲ ਬੋਲ ਪਏ, "ਇਹ ਤਾਂ ਇਵੇਂ ਲਗਦਾ ਹੈ ਕਿ ਜਿਵੇਂ ਪਹਿਨਦੇ ਹੀ ਨਾ ਹੋਣ ਅਤੇ ਕਿੱਲੀ ਤੇ ਸੰਭਾਲ ਕੇ ਰੱਖ ਛੱਡੀ ਹੋਏ।"

ਬਾਪੂ ਸਵੇਰ ਸ਼ਾਮ ਨਿੰਬੂ ਪੀਂਦੇ ਸਨ। ਨਿੰਬੂ ਗਰਮੀ ਵਿਚ ਮਹਿੰਗੇ ਹੋ ਜਾਂਦੇ ਹਨ। ਇਸ ਲਈ ਬਾਪੂ ਨੇ ਸਰਦਾਰ ਨੂੰ ਕਿਹਾ ਕਿ ਨਿੰਬੂ ਦੀ ਥਾਂ ਤੇ ਇਮਲੀ ਦੀ ਵਰਤੋਂ ਕੀਤੀ ਜਾਏ। ਜੇਲ੍ਹ ਵਿਚ ਉਸਦੇ ਦ੍ਰਖਤ ਵੀ ਬੜੇ ਹਨ।

ਬਾਪੂ ਦੀ ਗੱਲ ਤੇ ਸਰਦਾਰ ਹੱਸ ਪਏ, ਕਹਿਣ ਲਗੇ, "ਇਮਲੀ ਦੇ ਪਾਣੀ ਨਾਲ ਹੱਡੀਆਂ ਗਲ ਜਾਂਦੀਆਂ ਹਨ, ਬੈਅ ਹੋ ਜਾਂਦੀ ਹੈ।"

ਗਾਂਧੀ ਜੀ ਨੇ ਕਿਹਾ, "ਪਰ ਜਮਨਾ ਲਾਲ ਜੀ ਤਾਂ ਪੀਂਦੇ ਹਨ ?"

ਵੱਲਭਭਾਈ ਕਹਿਣ ਲਗੇ, "ਜਮਨਾ ਲਾਲ ਜੀ ਦੀਆਂ ਹੱਡੀਆਂ ਤਕ ਪਹੁੰਚਣ ਲਈ ਇਮਲੀ ਨੂੰ ਕੋਈ ਰਾਹ ਹੀ ਨਹੀਂ।"

ਇਕ ਆਲੋਚਕ ਨੇ ਬਾਪੂ ਨੂੰ ਖੁਲ੍ਹੀ ਚਿੱਠੀ ਲਿਖੀ। ਉਸਦੇ ਅੰਤ ਵਿਚ ਲਿਖਿਆ, "ਤੁਹਾਡੇ ਜ਼ਮਾਨੇ ਵਿਚ ਜੀਣ ਦੀ ਬਦਕਿਸਮਤੀ ਪ੍ਰਾਪਤ ਕਰਨ ਵਾਲਾ।" ਬਾਪੂ ਕਹਿਣ ਲਗੇ, "ਬੋਲੋ ਇਹਨੂੰ ਕੀ ਜੁਆਬ ਦਿਤਾ ਜਾਏ।"

ਵੱਲਭਭਾਈ ਕਹਿਣ ਲਗੇ, "ਕਹੋ ਕਿ ਜ਼ਹਿਰ ਖਾ ਲਏ।"

ਬਾਪੂ, "ਨਹੀਂ ਅਜਿਹਾ ਨਹੀਂ। ਇਹ ਕਿਉਂ ਨਾ ਕਹਾਂ ਕਿ ਮੈਨੂੰ ਜ਼ਹਿਰ ਦੇ ਦੇ।"

ਵੱਲਭਭਾਈ, "ਪਰੰਤੂ ਇਸ ਨਾਲ ਉਸ ਦੇ ਦਿਨ ਥੋੜ੍ਹੀ ਪਲਟਣਗੇ ? ਤੁਹਾਨੂੰ ਜ਼ਹਿਰ ਦੇ ਦਏ ਤਾਂ ਤੁਸੀਂ ਗਏ ਅਤੇ ਉਹਨੂੰ ਫਾਂਸੀ ਦੀ ਸਜ਼ਾ ਮਿਲੇ, ਤਾਂ ਉਹਨੂੰ ਵੀ ਜਾਣਾ ਪਏਗਾ ਤਦ ਵੀ ਤੁਹਾਡੇ ਨਾਲ ਹੀ ਜਨਮ ਲੈਣ ਦੀ ਕਿਸਮਤ ਵਿਚ ਫਸਿਆ ਰਹੇਗਾ। ਇਸ ਤੋਂ ਤਾਂ ਇਹੀ ਚੰਗਾ ਕਿ ਖ਼ੁਦ ਜ਼ਹਿਰ ਖਾ ਲਏ।"

ਬਾਹਰੋਂ ਦਿੱਸਣ ਵਾਲੇ ਫ਼ੌਲਾਦੀ ਢਾਂਚੇ ਵਿਚ ਜਿਵੇਂ ਪਿਆਰ ਭਰਿਆ ਪਿਆ ਹੈ, ਉਸੇ ਤਰ੍ਹਾਂ ਮਜ਼ਾਕ ਵੀ ਡੁਲ੍ਹਦਾ ਪਿਆ ਹੈ। ਬਾਪੂ ਸਭ ਚੀਜ਼ਾਂ ਵਿਚ ਸੋਡਾ ਪਾਉਣ ਲਈ ਕਹਿੰਦੇ ਸਨ। ਇਸ ਲਈ ਕੋਈ ਵੀ ਅੜਿਚਣ ਆਏ, ਤਾਂ ਸਰਦਾਰ ਕਹਿ ਉੱਠਦੇ, "ਸੋਡਾ ਪਾਓ ਨਾ।" ਇਸੇ ਤਰ੍ਹਾਂ ਕਿਸੇ ਆਲੋਚਨਾ ਵਿਚ "ਗਾਂਧੀ ਦੀਆਂ ਰਚਨਾਤਮਕ ਗਫਲਤਾਂ, ਇਹ ਸ਼ਬਦ ਆਏ। ਮਹਾਦੇਵ ਭਾਈ ਨੇ ਬਾਪੂ ਤੋਂ ਪੁੱਛਿਆ, "ਰਚਨਾਤਮਕ ਗਫਲਤ ਕਿਹੋ ਜਿਹੀ ਹੁੰਦੀ ਹੋਏਗੀ ?" ਸਰਦਾਰ ਕਹਿਣ ਲੱਗੇ, "ਅਜ ਤੇਰੀ ਦਾਲ ਸੜ ਗਈ ਸੀ, ਉਹੋ ਜਿਹੀ।" ਸੁਣ ਕੇ ਬਾਪੂ ਖਿੜਖਿੜਾ ਪਏ।

ਇਕ ਸੱਜਣ ਨੇ ਗਾਂਧੀ ਜੀ ਤੋਂ ਪੁਛਿਆ, "ਅਸੀਂ ਤਿੰਨ ਮਣ ਦੀ ਦੇਹ ਨਾਲ ਜਦੋਂ ਧਰਤੀ ਤੇ ਤੁਰਦੇ ਹਾਂ ਤਾਂ ਬਹੁਤ ਸਾਰੀਆਂ ਕੀੜੀਆਂ ਦਰੜੀਆਂ ਜਾਂਦੀਆਂ ਹਨ।

ਸਰਦਾਰ ਨੇ ਝੱਟਪੱਟ ਕਿਹਾ, "ਇਹਨੂੰ ਲਿਖ ਦਿਉ ਕਿ ਪੈਰ ਸਿਰ ਤੇ ਰੱਖ ਕੇ ਚੱਲੇ।"

ਦੂਜੇ ਸੱਜਣ ਨੇ ਲਿਖਿਆ, "ਇਸਤ੍ਰੀ ਕਰੂਪ ਹੈ ਇਸ ਲਈ ਪਸੰਦ ਨਹੀਂ।"

ਸਰਦਾਰ ਝੱਟ ਪੱਟ ਬੋਲੇ, "ਇਹਨੂੰ ਲਿਖੋ ਨਾ ਕਿ ਅੱਖਾਂ ਫੋੜ੍ਹ ਕੇ ਉਸ ਦੇ ਕੋਲ ਰਹੇ, ਫੇਰ ਕੁਝ ਕਰੂਪ ਨਹੀਂ ਦਿਸੇਗਾ।"

ਜੋ ਕੁਝ ਉਨ੍ਹਾਂ ਦੇ ਦਿਲ ਵਿਚ ਹੁੰਦਾ, ਉਹਨੂੰ ਪ੍ਰਗਟ ਕਰਨ ਲਈ ਉਨ੍ਹਾਂ ਨੂੰ ਕੋਈ ਹਿਚਕਿਚਾਹਟ ਨਹੀਂ ਹੁੰਦੀ ਸੀ। ਬਾਪੂ ਇਕ ਵਾਰ ਆਪਣੇ ਇਕ ਵਿਰੋਧੀ ਆਗੂ ਨੂੰ ਉਸਦੀ ਜਨਮ-ਤਾਰੀਖ ਤੇ ਵਧਾਈ ਭੇਜਣ ਲਗੇ, ਤਾਂ ਸਰਦਾਰ ਨੇ ਬੜੀਆਂ ਕੌੜੀਆਂ ਗੱਲਾਂ ਸਬੂਤ ਸਹਿਤ ਕਹੀਆਂ। ਬਾਪੂ ਕਹਿਣ ਲੱਗੇ, "ਦੇਖ ਲਈਂ, ਮੈਂ ਇਹ ਸਭ ਉਨ੍ਹਾਂ ਨੂੰ ਕਹਾਂਗਾ, ਹਾਂ।" ਸਰਦਾਰ ਨੇ ਜੁਆਬ ਦਿਤਾ, "ਉਨ੍ਹਾਂ ਦੇ ਮੂੰਹ ਤੇ ਸਭ ਗੱਲਾਂ ਕਹਿ ਸਕਦਾ ਹਾਂ ਅਤੇ ਕਹੀਆਂ ਵੀ ਹਨ।"

ਅਖਾਉਤਾਂ ਦਾ ਉਨ੍ਹਾਂ ਕੋਲ ਚੰਗਾ ਭੰਡਾਰ ਸੀ, ਕਿਉਂਕਿ ਜੇਲ੍ਹ ਵਿਚ ਉਹ ਉਨ੍ਹਾਂ ਦੀ ਵਰਤੋਂ ਦਿਲ ਖੋਲ੍ਹ ਕੇ ਕਰਦੇ ਸਨ। ਬਾਜ਼ਾਰ ਤੋਂ ਮੰਗਾਉਣ ਵਾਲੀਆਂ ਚੀਜ਼ਾਂ ਵਿਚ ਬਾਪੂ ਹਮੇਸ਼ਾਂ ਕੱਟ-ਵੱਢ ਕਰਦੇ ਹੁੰਦੇ ਸਨ। ਇਕ ਦਿਨ ਇਸੇ ਗੱਲ ਤੇ ਸਰਦਾਰ ਕਹਿਣ ਲੱਗੇ, "ਤੁਸੀਂ ਬਚਾਉਗੇ ਤਾਂ ਜੇਲ੍ਹ ਵਾਲੇ ਖਾ ਜਾਣਗੇ। ਇਹ ਲੋਕ ਕਿਸੇ ਨਾ ਕਿਸੇ

ਤਹਾਂ ਸੌ ਦਾ ਹਿਸਾਬ ਪੂਰਾ ਕਰ ਦੇਣਗੇ। ਮੀਆਂ ਲੁੱਟੇ ਮੁੱਠ-ਮੁੱਠ ਅਤੇ ਅੱਲ੍ਹਾ ਲੁਟੇ ਉਠ-ਉਠ।" ਸੁਣਕੇ ਬਾਪੂ ਮਹਾਦੇਵ ਨੂੰ ਕਹਿਣ ਲੱਗੇ, "ਲੈ ਦੇਖ ਲੈ, ਤੇਰੇ ਜਾਣਨ ਨੂੰ ਨਵੀਂ ਅਖਾਉਤ ਤਿਆਰ ਹੈ।"

ਕਲਾ ਅਤੇ ਸਾਹਿੱਤ ਨਾਲ ਉਨ੍ਹਾਂ ਨੂੰ ਖ਼ਾਸ ਦਿਲਚਸਪੀ ਨਹੀਂ ਸੀ। ਉਹ ਤਾਂ ਕ੍ਰਿਸਾਨ ਸਨ। ਕੇਵਲ ਵਰਤੋਂ ਦੀ ਗੱਲ ਸਮਝਦੇ ਸਨ। ਇਕ ਦਿਨ ਸ੍ਰੀ ਰਾਬਿੰਦਰ ਨਾਥ ਠਾਕੁਰ ਅਤੇ ਉਨ੍ਹਾਂ ਦੇ ਸ਼ਾਂਤੀ ਨਿਕੇਤਨ ਦੀ ਗੱਲ ਚਲ ਰਹੀ ਸੀ। ਸਰਦਾਰ ਨੇ ਤੌਖ਼ਲਾ ਪ੍ਰਗਟ ਕੀਤਾ ਕਿ ਸ਼ਾਂਤੀ ਨਿਕੇਤਨ ਕਿਵੇਂ ਚਲੇਗਾ। ਉਹ ਤਾਂ ਬੁਢੇ ਹੋ ਗਏ ਹਨ ਅਤੇ ਉਨ੍ਹਾਂ ਦੀ ਜਗ੍ਹਾ ਲੈਣ ਵਾਲਾ ਉੱਥੇ ਕੋਈ ਵੀ ਨਹੀਂ।

ਬਾਪੂ ਕਹਿਣ ਲੱਗੇ, "ਪ੍ਰਮਾਤਮਾ ਨੇ ਏਨੀ ਅਸਧਾਰਣ ਪ੍ਰਤਿਭਾ ਵਾਲਾ ਆਦਮੀ ਪੈਦਾ ਕੀਤਾ ਹੈ ਤਾਂ ਉਹਨੂੰ ਇਹ ਤਾਂ ਮਨਜ਼ੂਰ ਨਹੀਂ ਹੋਏਗਾ, ਕਿ ਉਨ੍ਹਾਂ ਦਾ ਕੰਮ ਐਵੇਂ ਹੀ ਬੰਦ ਹੋ ਜਾਏ।"

ਬਹਿਸ ਵਧੀ ਤਾਂ ਸਰਦਾਰ ਨੇ ਆਪਣੀ ਗੱਲ ਕਹੀ, "ਚਿੱਤਰ-ਕਲਾ ਤਾਂ ਠੀਕ ਹੈ। ਪਰੰਤੂ ਉਨ੍ਹਾਂ ਦੀਆਂ ਪਾਠਸ਼ਾਲਾਵਾਂ ਕਿੰਨੀਆਂ ਚਲ ਸਕਦੀਆਂ ਹਨ। ਸਾਡਾ ਤਾਂ ਖੱਦਰ ਅਤੇ ਚਰਖਾ ਹੈ। ਉਸ ਲਈ ਬਾਪੂ ਥੋੜ੍ਹੀ ਚਾਹੀਦੇ ਹਨ। ਇਹ ਤਾਂ ਬਾਪੂ ਨਾ ਹੋਣਗੇ ਤਾਂ ਦੂਧਾਭਾਈ ਵੀ ਆ ਕੇ ਚਲਾਉਂਦੇ ਰਹਿਣਗੇ। ਉਨ੍ਹਾਂ ਨੇ ਕੋਈ ਅਜਿਹੀ ਚੀਜ਼ ਨਹੀਂ ਦਿਤੀ ਜਿਸਨੂੰ ਲੋਕ ਆਪਣੇ ਹੱਥਾਂ ਵਿਚ ਲੈ ਸਕਣ ਅਤੇ ਜਿਹੜੀ ਅਖੰਡ ਰੂਪ ਨਾਲ ਚਲਦੀ ਰਹੇ।"

ਮਹਾਦੇਵ ਭਾਈ ਦੀ ਡਾਇਰੀ ਦੇ ਸਰਦਾਰ ਨਾ ਸਖ਼ਤ ਹਨ, ਨਾ ਕਮਜ਼ੋਰ, ਨਾ ਗ੍ਰਹਿਸਤੀ, ਨਾ ਸੰਨਿਆਸੀ। ਉਹ ਤਾਂ ਕ੍ਰਿਸਾਨ ਹਨ ਜਿਹੜਾ ਆਪਣੇ ਕੰਮ ਦਾ ਮਾਹਰ ਹੈ ਅਤੇ ਜਿਸਦਾ ਨਿਸ਼ਾਨਾ ਸਿਰਫ਼ ਜਿੱਤ ਹੈ। ਉਹ ਬਾਪੂ ਨੂੰ ਪਿਆਰ ਕਰਦੇ ਹਨ। ਉਹ ਦੇਸ਼ ਨੂੰ ਪਿਆਰ ਕਰਦੇ ਹਨ। ਉਹ ਸਭ—ਕੁਝ ਕਰ ਸਕਦੇ ਸਨ, ਪਰ ਜੋ ਕੁਝ ਵੀ ਉਹ ਕਰਦੇ ਉਸ ਵਿਚੋਂ ਬਾਪੂ ਤੇ ਭਾਰਤ ਦੀ ਜੈ-ਜੈ ਕਾਰ ਹੀ ਫੁੱਟਦੀ।

ਇਨ੍ਹਾਂ ਦਿਨਾਂ ਦੀ ਯਾਦ ਕਰਦੇ ਹੋਏ ਗਾਂਧੀ ਜੀ ਨੇ ਕਿਹਾ ਸੀ, "ਉਨ੍ਹਾਂ ਦੀ ਅਥਾਹ ਬਹਾਦਰੀ ਤੋਂ ਮੈਂ ਚੰਗੀ ਤਰ੍ਹਾਂ ਜਾਣੂੰ ਸੀ ਪਰੰਤੂ ਪਿਛਲੇ ਸੋਲ੍ਹਾਂ ਮਹੀਨਿਆਂ ਵਿਚ ਜਿਵੇਂ ਰਿਹਾ ਉਹੋ ਜਿਹੀ ਖੁਸ਼-ਕਿਸਮਤੀ ਮੈਨੂੰ ਕਦੇ ਨਹੀਂ ਮਿਲੀ ਸੀ। ਜਿਸ ਤਰ੍ਹਾਂ ਉਨ੍ਹਾਂ ਨੇ ਮੈਨੂੰ ਪਿਆਰ ਨਾਲ ਢੱਕ ਲਿਆ ਉਹ ਮੈਨੂੰ ਆਪਣੀ ਮਾਂ ਦੀ ਯਾਦ ਦੁਆਉਂਦਾ ਹੈ। ਮੈਂ ਇਹ ਕਦੇ ਨਹੀਂ ਜਾਣਦਾ ਸੀ ਕਿ ਉਨ੍ਹਾਂ ਵਿਚ ਮਾਂ ਦੇ ਗੁਣ ਵੀ ਹਨ।"

ਜੇਲ੍ਹ ਵਿਚ ਰਹਿੰਦੇ ਸਮੇਂ ਸਰਦਾਰ ਦੇ ਮਨ ਨੂੰ ਦੋ ਵਾਰ ਠੇਸ ਲਗੀ। ਨਵੰਬਰ,

1932 ਵਿਚ ਉਨ੍ਹਾਂ ਦੀ ਮਾਤਾ ਜੀ ਦੀ ਮੌਤ ਹੋ ਗਈ। ਉਹ ਭਾਵੇਂ ਬਿਰਧ ਸਨ, ਪਰ ਮਾਂ ਤਾਂ ਸਨ। ਉਸਦੇ ਮਗਰੋਂ ਜਦੋਂ ਗਾਂਧੀ ਜੀ ਦੇ ਛੁੱਟਣ ਮਗਰੋਂ ਉਹ ਨਾਸਕ ਜੇਲ੍ਹ ਵਿਚ ਰੱਖੇ ਗਏ ਤਾਂ ਉਨ੍ਹਾਂ ਦੇ ਵਡੇ ਭਰਾ ਵਿਠਲਭਾਈ ਦੀ ਜਨੇਵਾ ਵਿਚ ਮੌਤ ਹੋ ਗਈ। ਇਸ ਖਬਰ ਨਾਲ ਉਨ੍ਹਾਂ ਨੂੰ ਡੂੰਘੀ ਸੱਟ ਵਜੀ। ਇਨ੍ਹਾਂ ਦੋਵਾਂ ਭਰਾਵਾਂ ਵਿਚ ਬਹੁਤ ਪਿਆਰ ਸੀ। ਫੇਰ ਵੀ ਕਿਸੇ ਸ਼ਰਤ ਤੇ ਬਾਹਰ ਆ ਕੇ ਭਰਾ ਦੇ ਅੰਤਮ-ਸੰਸਕਾਰ ਵਿਚ ਹਿੱਸਾ ਲੈਣ ਤੋਂ ਉਨ੍ਹਾਂ ਨੇ ਸਪੱਸ਼ਟ ਇਨਕਾਰ ਕਰ ਦਿਤਾ। ਉਨ੍ਹਾਂ ਦੀ ਸਿਹਤ ਖ਼ਰਾਬ ਰਹਿਣ ਲਗ ਪਈ ਸੀ। ਨੱਕ ਵਿਚ ਖ਼ਾਸ ਤੌਰ ਤੇ ਤਕਲੀਫ਼ ਸੀ। ਸਰਕਾਰ ਹੌਲ਼ੀ-ਹੌਲੀ ਕੈਦੀਆਂ ਨੂੰ ਛਡ ਰਹੀ ਸੀ। ਸਭ ਤੋਂ ਪਹਿਲਾਂ ਉਹਨੇ ਜੁਲਾਈ, 1934 ਵਿਚ ਸਰਦਾਰ ਨੂੰ ਛੱਡਿਆ।

ਗਾਂਧੀ ਜੀ ਹੁਣ ਹਰੀਜਨਾਂ ਦੇ ਕੰਮ ਵਿਚ ਲਗੇ ਸਨ। ਗੋਰੀ ਸਰਕਾਰ ਨੇ ਨਿਰੋਲ ਹਿੰਦੂਆਂ ਅਤੇ ਅਛੂਤਾਂ ਵਿਚ ਫੁੱਟ ਪਾਉਣ ਦੀ ਜਿਹੜੀ ਸਾਜ਼ਸ਼ ਰਚੀ ਸੀ ਉਹਨੂੰ ਅਸਫ਼ਲ ਬਨਾਉਣ ਲਈ ਉਨ੍ਹਾਂ ਨੇ ਜਾਨ ਦੀ ਬਾਜ਼ੀ ਲਾ ਦਿਤੀ ਸੀ। ਉਨ੍ਹਾਂ ਨੇ ਸੱਤਿਆਗ੍ਰਹਿ ਵੀ ਮੁਲਤਵੀ ਕਰ ਦਿਤਾ ਸੀ। ਇਸ ਲਈ ਸਰਦਾਰ ਨੇ ਸਭ ਤੋਂ ਪਹਿਲਾਂ ਗੁਜਰਾਤ ਵਿਦਿਆ-ਪੀਠ ਨੂੰ ਚਾਲੂ ਕੀਤਾ। ਉਸਦੇ ਮਗਰੋਂ ਇਕ ਸੇਵਾ-ਭਾਵੀ ਡਾਕਟਰ ਭਾਸਕਰ ਪਟੇਲ ਨੂੰ ਨਾਲ ਲੈ ਕੇ ਬੋਰਸਦ ਤਾਲੁਕੇ ਵਿਚ ਫੈਲੀ ਪਲੇਗ ਨੂੰ ਹਟਾਉਣ ਦੇ ਕੰਮ ਵਿਚ ਜੁਟ ਗਏ। ਮਗਰੋਂ ਹੋਰ ਵੀ ਵਿਅੱਕਤੀ ਆ ਗਏ। ਗਾਂਧੀ ਜੀ ਆਪ ਚੇਤ, ਵਿਸਾਖ ਦੀ ਤੇਜ਼ ਕੜਕਦੀ ਧੁੱਪ ਵਿਚ, ਇਕ ਛੋਟੇ ਜਿਹੇ ਅੰਬ ਦੇ ਦਰੱਖਤ ਹੇਠ, ਕੈਂਪ ਵਿਚ, ਸੱਤ ਦਿਨ ਰਹੇ। ਜਨਤਾ ਦੇ ਨਾਲ ਇਸ ਤਰ੍ਹਾਂ ਇਕ-ਮਿਕ ਹੋ ਕੇ ਕੰਮ ਕਰਨ ਨਾਲ ਹੀ ਉਨ੍ਹਾਂ ਦਾ ਵਿਸ਼ਵਾਸ ਪ੍ਰਾਪਤ ਹੁੰਦਾ ਹੈ। ਲੋਕ ਸਮਝ ਗਏ ਕਿ ਆਗੂ ਸਾਨੂੰ ਸਤਿਆਗ੍ਰਹਿ ਸੰਗਰਾਮ ਵਿਚ ਛਾਲ ਮਾਰਨ ਲਈ ਹੀ ਨਹੀਂ ਕਹਿੰਦੇ ਸਗੋਂ ਜੀਉਣਾ ਵੀ ਸਿਖਾਉਂਦੇ ਹਨ।

ਰਾਸ਼ਟਰੀ ਕਾਂਗਰਸ ਦੇ 50 ਵਰ੍ਹੇ ਪੂਰੇ ਹੋ ਰਹੇ ਸਨ। ਉਨ੍ਹਾਂ ਨੇ ਗੋਲਡਨ ਜੁਬਲੀ ਮਨਾਉਣ ਦਾ ਫ਼ੈਸਲਾ ਕੀਤਾ। ਕੇਂਦਰੀ ਵਿਧਾਨ ਦੀ ਚੋਣ ਵੀ ਸਿਰ ਤੇ ਸੀ। ਇਨ੍ਹਾਂ ਦੋਵਾਂ ਪ੍ਰੋਗਰਾਮਾਂ ਨੂੰ ਸਫ਼ਲ ਬਨਾਉਣ ਲਈ ਸਰਦਾਰ ਨੇ ਆਪਣੀ ਸਿਹਤ ਦੀ ਬਿਲਕੁਲ ਪ੍ਰਵਾਹ ਨਾ ਕੀਤੀ। ਕੌਮ ਨੇ ਬੜੇ ਉਤਸ਼ਾਹ ਨਾਲ ਕਾਂਗਰਸ ਦੀ ਸੁਨਹਿਰੀ ਜੈਅੰਤੀ ਮਨਾਈ ਅਤੇ ਕੇਂਦਰੀ ਵਿਧਾਨ ਸਭਾ ਵਿਚ ਵੀ ਕਾਂਗਰਸ ਨੂੰ ਹੀ ਬਹੁਮੱਤ ਪ੍ਰਾਪਤ ਹੋਇਆ। ਏਨਾ ਹੀ ਨਹੀਂ ਸੰਨ 1937 ਵਿਚ ਜਦੋਂ ਪ੍ਰਾਂਤਿਕ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਤਾਂ ਵੀ 11 ਸੂਬਿਆਂ ਵਿਚੋਂ 8 ਸੂਬਿਆਂ ਵਿਚ ਕਾਂਗਰਸ ਦਾ ਹੀ ਬਹੁਮੱਤ ਰਿਹਾ।

ਹੁਣ ਕਾਂਗਰਸ ਦੇ ਸਾਹਮਣੇ ਸੁਆਲ ਸੀ ਕਿ ਕੀ ਉਹ ਨਵੇਂ ਵਿਧਾਨ ਦੇ ਅਨੁਸਾਰ ਮੰਤਰੀ-ਪਦ ਪ੍ਰਵਾਨ ਕਰਕੇ ਹਕੂਮਤ ਚਲਾਏ ਜਾਂ ਨਹੀਂ। ਸਰਦਾਰ ਚਾਹੁੰਦੇ ਸਨ ਕਿ ਮੰਤਰੀ-ਪਦ ਗ੍ਰਹਿਣ ਕਰਨੇ ਹੀ ਚਾਹੀਦੇ ਹਨ। ਉਨ੍ਹਾਂ ਨੇ ਗਾਂਧੀ ਜੀ ਨੂੰ ਵੀ ਮਨਾ ਲਿਆ ਪਰੰਤੂ ਆਖ਼ਰੀ ਫ਼ੈਸਲੇ ਲਈ ਦਿੱਲੀ ਵਿਚ ਕਾਂਗਰਸ ਮਹਾਂ-ਸਮਿਤੀ ਦੀ ਬੈਠਕ ਹੋਈ। ਉਸ ਵਿਚ ਇਸ ਮਤੇ ਦਾ ਸਖ਼ਤ ਵਿਰੋਧ ਕੀਤਾ ਪੰਡਤ ਮਦਨ ਮੋਹਨ ਮਾਲਵੀਆ ਨੇ।

ਅਖ਼ੀਰ ਵਿਚ ਸਰਦਾਰ ਪਟੇਲ ਨੇ ਤਕਰੀਰ ਕਰਦਿਆਂ ਕਿਹਾ, "ਪਿਛਲੇਰੇ ਸੈਂਕੜੇ ਵਰ੍ਹਿਆਂ ਤੋਂ ਅਸੀਂ ਹਕੂਮਤ ਕਰਨੀ ਭੁਲ ਗਏ ਸਾਂ। ਹੁਣ ਇਹ ਮੌਕਾ ਆਇਆ ਹੈ ਤਾਂ ਉਸ ਦਾ ਤਜਰਬਾ ਹੋਣ ਦਿਉ। ਭਵਿਖ ਵਿਚ ਕਦੇ ਨਾ ਕਦੇ ਤਾਂ ਅਸੀਂ ਆਪਣੇ ਦੇਸ਼ ਦੀ ਹਕੂਮਤ ਚਲਾਉਣੀ ਹੀ ਹੈ। ਇਸ ਲਈ ਜਿਹੜੇ ਸੂਬੇ ਆਪਣਾ ਰਾਜ ਚਲਾਉਣ ਦੀ ਤਾਕਤ ਨਹੀਂ ਰਖਦੇ ਉਹ ਤਾਕਤਵਰ ਸੂਬਿਆਂ ਦੀ ਮੰਗ ਕਿਉਂ ਨਾ-ਮਨਜ਼ੂਰ ਕਰਨ। ਬੰਗਾਲ ਅਤੇ ਪੰਜਾਬ ਦੇ ਮਿੱਤਰ ਏਸ ਮਤੇ ਦਾ ਵਿਰੋਧ ਕਰਦੇ ਹਨ। ਕਿਸ ਲਈ ? ਤੁਸੀਂ ਮੰਤਰੀ-ਪਦ ਪ੍ਰਵਾਨ ਕਰਨਾ ਚਾਹੋ ਤਾਂ ਵੀ ਨਹੀਂ ਕਰ ਸਕਦੇ। ਮੰਤਰੀ-ਮੰਡਲ ਬਨਾਉਣ ਜਿੰਨਾਂ ਬਹੁਮੱਤ ਤੁਸੀਂ ਚੋਣਾਂ ਵਿਚ ਪ੍ਰਾਪਤ ਨਹੀਂ ਕੀਤਾ ਹੈ। ਇਸ ਲਈ ਤੁਸੀਂ ਦੂਜਿਆਂ ਨੂੰ ਕਹਿੰਦੇ ਹੋ ਕਿ ਤੁਸੀਂ ਵੀ ਮੰਤਰੀ-ਮੰਡਲ ਨਾ ਬਣਾਓ ਪਰੰਤੂ ਅਜਿਹਾ ਕਰਨ ਨਾਲ ਦੇਸ਼ ਦਾ ਨੁਕਸਾਨ ਹੋਏਗਾ। ਇਹ ਮਤਾ ਅਸੀਂ ਮਨਜ਼ੂਰ ਨਹੀਂ ਕਰਾਂਗੇ ਤਾਂ ਅਸੀਂ ਸਿਆਣੇ ਨਹੀਂ ਸਮਝੇ ਜਾਵਾਂਗੇ। ਇਸ ਲਈ ਜਿਨ੍ਹਾਂ ਸੂਬਿ ਵਿਚ ਸਾਡਾ ਬਹੁ-ਮੱਤ ਹੋਏ ਉਥੇ ਕਾਂਗਰਸੀ ਮੰਤਰੀ-ਮੰਡਲ ਬਨਾਉਣ ਦੀ ਇਜਾਜ਼ ਣ ਵਿਚ ਹੀ ਸਿਆਣਪ ਹੋਏਗੀ।"

ਮਤਾ ਮਨਜ਼ੂਰ ਕਰ ਲਿਆ ਗਿਆ। ਅੱਠ ਸੂਬਿਆਂ ਵਿਚ ਕਾਂਗਰਸ ਦੇ ਮੰਤਰੀ-ਮੰਡਲ ਬਣ ਗਏ।

ਸਰਦਾਰ ਪਾਰਲੀਮੈਂਟਰੀ ਬੋਰਡ ਦੇ ਚੇਅਰਮੈਨ ਸਨ। ਕਦੇ-ਕਦੇ ਉਨ੍ਹਾਂ ਦੇ ਸਾਹਮਣੇ ਬੜੇ ਪਰੇਸ਼ਾਨ ਕਰਨ ਵਾਲੇ ਮਸਲੇ ਆ ਜਾਂਦੇ ਸਨ। ਮਿਸਾਲ ਵਜੋਂ 1934 ਵਿਚ ਜਦੋਂ ਕੇਂਦਰੀ ਵਿਧਾਨ ਸਭਾ ਦੀ ਚੋਣ ਹੋਈ ਤਾਂ ਕਾਂਗਰਸ ਨੇ ਬੰਬਈ ਦੀਆਂ ਦੋ ਸੀਟਾਂ ਲਈ ਬੰਬਈ ਕਾਂਗਰਸ ਦੇ ਚੇਅਰਮੈਨ ਸ੍ਰੀ ਕੇ. ਐਫ਼. ਨਰੀਮਨ ਅਤੇ ਡਾਕਟਰ ਦੇਸ਼ਮੁੱਖ ਨੂੰ ਆਪਣਾ ਉਮੀਦਵਾਰ ਬਣਾਇਆ। ਸੁਤੰਤਰ ਉਮੀਦਵਾਰ ਦੇ ਰੂਪ ਵਿਚ ਸਰ ਕਾਵਸਜੀ ਜਹਾਂਗੀਰ ਵੀ ਇਕ ਸੀਟ ਲਈ ਚੋਣ ਲੜ ਰਹੇ ਸਨ। ਸ੍ਰੀ ਨਰੀਮਨ ਚਾਹੁੰਦੇ ਸਨ ਕਿ ਕਾਂਗਰਸ ਉਨ੍ਹਾਂ ਦਾ ਵਿਰੋਧ ਨਾ ਕਰੇ ਅਤੇ ਇਕ ਹੀ ਉਮੀਦਵਾਰ ਖੜਾ

ਕਰੇ ਪਰ ਉਨ੍ਹਾਂ ਦੀ ਗੱਲ ਨਹੀਂ ਮੰਨੀ ਗਈ।

ਇਕ ਆਗਿਆਕਾਰੀ ਸਿਪਾਹੀ ਵਾਂਗ ਸ੍ਰੀ ਨਰੀਮਨ ਨੂੰ ਕਾਂਗਰਸ ਦੇ ਨਿਸ਼ਚੇ ਨੂੰ ਮਨਜ਼ੂਰ ਕਰ ਲੈਣਾ ਚਾਹੀਦਾ ਸੀ ਪਰੰਤੂ ਕੀ ਪਤਾ ਕਿਉਂ ਗ਼ਲਤ ਬਹਾਨੇ ਬਣਾ ਕੇ ਉਨ੍ਹਾਂ ਨੇ ਆਪਣਾ ਨਾਂ ਵਾਪਸ ਲੈ ਲਿਆ। ਸਰਦਾਰ ਹੈਰਾਨ ਰਹਿ ਗਏ। ਉਨ੍ਹਾਂ ਨੇ ਝੱਟਪੱਟ ਹੀ ਸ੍ਰੀ ਕਨੱਈਆ ਲਾਲ ਮੁਨਸ਼ੀ ਨੂੰ ਉਮੀਦਵਾਰ-ਪੱਤਰ ਭਰਨ ਲਈ ਕਿਹਾ। ਪਰੰਤੂ ਨਰੀਮਨ ਤਾਂ ਚਾਹੁੰਦੇ ਸਨ ਕਿ ਸ੍ਰੀ ਜਹਾਂਗੀਰ ਚੁਣੇ ਜਾਣ ਇਸ ਲਈ ਉਨ੍ਹਾਂ ਨੇ ਅਜਿਹਾ ਪ੍ਰਚਾਰ ਕੀਤਾ ਜਿਸ ਨਾਲ ਸ੍ਰੀ ਮੁਨਸ਼ੀ ਚੋਣ ਹਾਰ ਗਏ।

ਸਰਦਾਰ ਬਹੁਤ ਦੁਖੀ ਹੋਏ। ਫੇਰ ਵੀ ਸੰਨ 1937 ਦੀ ਪ੍ਰਾਂਤਿਕ ਵਿਧਾਨ ਸਭਾ ਦੀ ਚੋਣ ਵਿਚ ਸ੍ਰੀ ਨਰੀਮਨ ਨੂੰ ਹੀ ਉਨ੍ਹਾਂ ਨੇ ਖੜਾ ਕੀਤਾ। ਕਾਂਗਰਸ ਬਹੁ-ਮਤ ਨਾਲ ਜਿੱਤੀ ਪਰੰਤੂ ਉਸ ਨੇ ਆਪਣੇ ਆਗੂ ਦੇ ਰੂਪ ਵਿਚ ਸ੍ਰੀ ਬਾਲ ਗੰਗਾਧਰ ਖੇਰ ਨੂੰ ਚੁਣਿਆ। ਸ੍ਰੀ ਨਰੀਮਨ ਇਸ ਨਾਲ ਬੜੇ ਦੁਖੀ ਹੋਏ। ਉਨ੍ਹਾਂ ਨੇ ਕਿਹਾ ਕਿ ਇਹ ਸਭ ਸਰਦਾਰ ਦੇ ਇਸ਼ਾਰੇ ਤੇ ਹੋਇਆ ਹੈ। ਉਨ੍ਹਾਂ ਨੇ ਜਾਣ-ਬੁਝ ਕੇ ਪਾਰਸੀ ਜਾਤੀ ਨਾਲ ਅਨਿਆਂ ਕੀਤਾ ਹੈ। ਇਸ ਆਪੋ-ਧਾਪ ਦੇ ਕਾਰਣ ਵਾਤਾਵਰਣ ਬੜਾ ਪਲੀਤ ਹੋ ਗਿਆ। ਤਦ ਇਸ ਮਾਮਲੇ ਦੀ ਪੜਤਾਲ ਲਈ ਇਕ ਸਮਿਤੀ ਨਿਯੁਕਤ ਕੀਤੀ ਗਈ। ਉਹਦੇ ਦੋ ਮੈਂਬਰ ਸਨ। ਇਕ ਸਨ ਗਾਂਧੀ ਜੀ, ਦੂਜੇ ਸਨ ਸ੍ਰੀ ਨਰੀਮਨ ਦੇ ਦੋਸਤ ਪਾਰਸੀ ਬੈਰਿਸਟਰ ਸ੍ਰੀ ਬਹਾਦਰ ਜੀ।

ਸਮਿਤੀ ਨੇ ਸਭ ਦੀਆਂ ਗੱਲਾਂ ਸੁਣੀਆਂ। ਆਪ ਪੜਤਾਲ ਕੀਤੀ ਅਤੇ ਫ਼ੈਸਲਾ ਦਿਤਾ ਕਿ ਸੰਨ 1934 ਦੀ ਵਿਧਾਨ ਸਭਾ ਦੀ ਚੋਣ ਵਿਚ ਸ੍ਰੀ ਨਰੀਮਨ ਨੇ ਜਿਹੜੀ ਗ਼ਲਤੀ ਕੀਤੀ ਸੀ ਉਹ ਜਾਣ-ਬੁਝ ਕੇ ਕੀਤੀ ਸੀ। ਉਸ ਦੇ ਲਈ ਉਹ ਦੋਸ਼ੀ ਹਨ ਅਤੇ ਸ੍ਰੀ ਨਰੀਮਨ ਨੇ ਸਰਦਾਰ ਤੇ ਜਿਹੜੇ ਦੋਸ਼ ਲਾਏ ਹਨ ਉਨ੍ਹਾਂ ਵਿਚ ਕੋਈ ਸੱਚਾਈ ਨਹੀਂ।

ਸ੍ਰੀ ਨਰੀਮਨ ਨੇ ਪਹਿਲਾਂ ਤਾਂ ਇਸ ਫ਼ੈਸਲੇ ਨੂੰ ਮਨਜ਼ੂਰ ਕਰ ਲਿਆ ਪ੍ਰੰਤੂ ਫੇਰ ਮੁਕਰ ਗਏ। ਤਾਂ ਕਾਰਜ-ਸਮਿਤੀ ਨੇ ਉਨ੍ਹਾਂ ਨੂੰ ਕਾਂਗਰਸ ਵਿਚ ਕੋਈ ਵੀ ਜ਼ਿੰਮੇਵਾਰੀ ਅਤੇ ਵਿਸ਼ਵਾਸ ਦੀ ਥਾਂ ਲੈਣ ਲਈ ਅਯੋਗ ਕਰਾਰ ਦੇ ਦਿਤਾ।

ਦੂਜੀ ਘਟਨਾ ਵੀ ਘੱਟ ਦੁਖਦਾਈ ਨਹੀਂ ਸੀ। ਉਸ ਵਕਤ ਮੱਧ-ਪ੍ਰਦੇਸ਼ ਵਿਚ ਮੁੱਖ-ਮੰਤਰੀ ਸਨ ਡਾ. ਖੇਰ। ਹਿੰਦੀ ਪ੍ਰਦੇਸ਼ਾਂ ਦੇ ਤਿੰਨ ਮੰਤਰੀਆਂ ਨਾਲ ਉਨ੍ਹਾਂ ਦੀ ਨਹੀਂ ਬਣਦੀ ਸੀ। ਪਾਰਲਮੈਂਟਰੀ ਬੋਰਡ ਨੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਸਿੱਟਾ ਨਾ ਨਿਕਲਿਆ। ਡਾ. ਖੇਰ ਅਤੇ ਉਨ੍ਹਾਂ ਦੀ ਧਿਰ ਦੇ ਮੰਤਰੀਆਂ ਨੇ

ਕਾਂਗਰਸ ਦੇ ਨਿਯਮਾਂ ਦੇ ਵਿਰੁੱਧ ਆਪਣੇ ਤਿਆਗ-ਪੱਤਰ ਗਵਰਨਰ ਨੂੰ ਭੇਜ ਦਿਤੇ। ਗਵਰਨਰ ਨੇ ਸਭ ਕੁਝ ਜਾਣਦੇ ਹੋਏ ਉਨ੍ਹਾਂ ਨੂੰ ਮਨਜ਼ੂਰ ਵੀ ਕਰ ਲਿਆ। ਏਨਾ ਹੀ ਨਹੀਂ ਉਹਨੇ ਬਾਕੀ ਮੰਤਰੀਆਂ ਦੇ ਅਸਤੀਫ਼ੇ ਵੀ ਮੰਗ ਲਏ ਅਤੇ ਡਾ. ਖੇਰ ਨੂੰ ਨਵਾਂ ਮੰਤਰੀ-ਮੰਡਲ ਬਨਾਉਣ ਲਈ ਕਿਹਾ। ਡਾ. ਖੇਰ ਨੇ ਉਨ੍ਹਾਂ ਦੀ ਗੱਲ ਮੰਨ ਲਈ। ਇਹ ਸਪੱਸ਼ਟ ਹੀ ਕਾਂਗਰਸ ਦੇ ਵਿਰੁਧ ਬਗ਼ਾਵਤ ਦਾ ਐਲਾਨ ਸੀ। ਕਾਰਜ-ਸਮਿਤੀ ਨੇ ਸਾਰੇ ਮੰਤਰੀਆਂ ਨੂੰ ਬੁਲਾਇਆ। ਉਨ੍ਹਾਂ ਨੇ ਆਪਣਾ ਅਪਰਾਧ ਮੰਨ ਲਿਆ। ਉਨ੍ਹਾਂ ਨੇ ਸਮਿਤੀ ਦੇ ਇਸ ਸੁਝਾਅ ਨੂੰ ਵੀ ਮੰਨ ਲਿਆ ਕਿ ਨਵੇਂ ਆਗੂ ਦੀ ਚੋਣ ਕੀਤੀ ਜਾਏ। ਪਰੰਤੂ ਮਗਰੋਂ ਡਾ. ਖੇਰ ਨੇ ਲਿਖ ਭੇਜਿਆ ਕਿ ਉਹ ਦੂਜਾ ਆਗੂ ਚੁਣਨ ਲਈ ਲਈ ਦਲ ਦੀ ਬੈਠਕ ਨਹੀਂ ਬੁਲਾਉਣਗੇ।

ਕਾਰਜ-ਸੰਮਿਤੀ ਦੇ ਸਾਹਮਣੇ ਇਕ ਹੀ ਰਸਤਾ ਬਾਕੀ ਸੀ ਕਿ ਉਹ ਇਸ ਕਾਂਡ ਦੀ ਨਿੰਦਾ ਕਰੇ। ਉਹਨੇ ਡਾ. ਖੇਰ ਨੂੰ ਕਾਂਗਰਸ ਦੀ ਕਿਸੇ ਵੀ ਜ਼ਿੰਮੇਵਾਰੀ ਦੀ ਪਦਵੀ ਲਈ ਅਯੋਗ ਹੋਣ ਦਾ ਐਲਾਨ ਕਰ ਦਿਤਾ। ਮਰਾਠੀ ਬੋਲੀ ਵਾਲੇ ਪ੍ਰਦੇਸ਼ਾਂ ਵਿਚ ਇਸ ਦਾ ਅਸਰ ਤੇਜ਼ੀ ਨਾਲ ਹੋਇਆ ਅਤੇ ਉਨ੍ਹਾਂ ਦੇ ਹਮਲੇ ਦੇ ਸ਼ਿਕਾਰ ਹੋਏ ਸਰਦਾਰ ਪਟੇਲ। ਪ੍ਰਾਂਤਵਾਦ ਦਾ ਜ਼ਹਿਰ ਕਿਸ ਹੱਦ ਤਕ ਜਾ ਸਕਦਾ ਹੈ ਇਹਦੀ ਇਹ ਇਕ ਮਿਸਾਲ ਹੈ।

ਪੀੜ ਭਰਿਆ ਸਮਾਂ

ਫ਼ਰਵਰੀ, 1938 ਵਿਚ ਕਾਂਗਰਸ ਦਾ ਸਾਲਾਨਾ ਸਮਾਗਮ ਬਾਰਦੋਲੀ ਤਾਲੁਕੇ ਦੇ ਹਰੀਪੁਰਾ ਪਿੰਡ ਵਿਚ ਹੋਇਆ। ਸ੍ਰੀ ਸੁਭਾਸ਼ ਚੰਦਰ ਬੋਸ ਉਸਦੇ ਚੇਅਰਮੈਨ ਸਨ। ਸੁਆਗਤੀ ਚੇਅਰਮੈਨ ਸਨ, ਦਰਬਾਰ ਸ੍ਰੀ ਗੋਪਾਲ ਦਾਸ ਦੇਸਾਈ ਪਰ ਪ੍ਰਬੰਧ ਦੀ ਸਾਰੀ ਜ਼ਿੰਮੇਵਾਰੀ ਤਾਂ ਸਰਦਾਰ ਤੇ ਹੀ ਸੀ । ਉਹਨਾਂ ਨੇ ਵਿੱਠਲਨਗਰ ਦਾ ਅਜਿਹਾ ਪ੍ਰਬੰਧ ਕੀਤਾ ਕਿ ਸਭ ਨੇ ਉਸਦੀ ਸ਼ਲਾਘਾ ਕੀਤੀ।

ਪਰੰਤੂ ਹਰੀਪੁਰਾ ਕਾਂਗਰਸ ਤਾਂ ਆਪਣੇ ਇਕ ਹੋਰ ਹੀ ਮਹੱਤਵਪੂਰਣ ਫੈਸਲੇ ਲਈ ਪ੍ਰਸਿਧ ਹੈ। ਭਾਰਤ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ – ਅੰਗ੍ਰੇਜ਼ੀ ਰਾਜ ਅਤੇ ਦੇਸੀ ਰਾਜ। ਅਜੇ ਤਕ ਰਾਸ਼ਟਰੀ ਕਾਂਗਰਸ ਦੇਸੀ ਰਾਜਾਂ ਦੇ ਅੰਦੋਲਨਾਂ ਵਿਚ ਕੋਈ ਰੁਚੀ ਨਹੀਂ ਲੈਂਦੀ ਸੀ। ਹਰੀਪੁਰਾ ਕਾਂਗਰਸ ਵਿਚ ਪਹਿਲੀ ਵਾਰ ਇਹ ਮਤਾ ਪਾਸ ਕੀਤਾ ਗਿਆ ਕਿ ਦੇਸੀ ਰਾਜਾਂ ਵਿਚ ਜਿਥੇ ਵੀ ਪਰਜਾ–ਮੰਡਲ ਹੋਣ ਜਾਂ ਅਜਿਹੀ ਹੀ ਕੋਈ ਦੂਜੀ ਸੰਸਥਾ ਹੋਏ, ਕਾਂਗਰਸ ਉਹਦੇ ਨਾਲ ਸਹਿਯੋਗ ਦੇਵੇ ਅਤੇ ਉਹਦੀ ਰਾਹ–ਨੁਮਾਈ ਕਰੇ।

ਇਸਦੇ ਸਿੱਟੇ ਵਜੋਂ ਦੇਸੀ ਰਾਜਾਂ ਵਿਚ ਧੜਾਧੜ ਪਰਜਾ–ਮੰਡਲਾਂ ਦੀ ਸਥਾਪਨਾ ਹੋਣ ਲੱਗੀ। ਅਤੇ ਉਨ੍ਹਾਂ ਨੇ ਉਤਰਦਾਈ ਰਾਜ ਦੀ ਮੰਗ ਸ਼ੁਰੂ ਕਰ ਦਿਤੀ। ਇਸ ਪ੍ਰਸੰਗ ਵਿਚ ਰਾਜਕੋਟ ਦਾ ਅੰਦੋਲਨ ਕਈ ਕਾਰਣਾਂ ਕਰਕੇ ਬਹੁਤ ਪ੍ਰਸਿੱਧ ਹੈ। ਉਥੋਂ ਦੇ ਦੀਵਾਨ ਵੀਰਾਵਾਲਾ ਰਾਜਨੀਤੀ ਦੇ ਨਿਪੁੰਨ ਖਿਡਾਰੀ ਸਨ । ਉਨ੍ਹਾਂ ਨੇ ਰਾਜ ਦੀ ਆਮਦਨੀ ਵਧਾਉਣ ਲਈ ਜੂਆ–ਘਰ ਵੀ ਖੋਲ੍ਹੇ ਸਨ । ਮਜ਼ਦੂਰਾਂ ਨੂੰ ਵੱਧ ਘੰਟੇ ਕੰਮ ਕਰਨ ਲਈ ਮਜ਼ਬੂਰ ਕੀਤਾ ਸੀ।

ਪਰਜਾ ਇਸ ਜ਼ੁਲਮ ਨੂੰ ਕਿਵੇਂ ਸਹਿ ਸਕਦੀ ਸੀ। ਉਹਨੇ ਸ੍ਰੀ ਢੇਬਰ ਭਾਈ ਦੀ ਅਗਵਾਈ ਹੇਠ ਸੱਤਿਆਗ੍ਰਹਿ ਸ਼ੁਰੂ ਕਰ ਦਿਤਾ । ਉਹ ਸੱਚੇ ਸਨ ਇਸ ਲਈ ਅੰਤ ਵਿਚ ਜਿੱਤ ਉਨ੍ਹਾਂ ਦੀ ਹੀ ਹੋਈ। ਉਸ ਸਮੇਂ ਸਰਦਾਰ ਸਾਹਬ ਨੇ ਦੀਵਾਨ ਵੀਰਾਵਾਲਾ ਨੂੰ ਸਲਾਹ ਦਿਤੀ ਕਿ ਉਹ ਠਾਕੁਰ ਸਾਹਬ ਨੂੰ ਰਾਜ ਵਿਚ ਉੱਤਰਦਾਈ ਹਕੂਮਤ ਸਥਾਪਤ ਕਰਨ ਲਈ ਕਹਿਣ।

ਦਰਬਾਰ ਵੀਰਾਵਾਲਾ ਨੇ ਇਕ ਪਾਸੇ ਤਾਂ ਅਜਿਹਾ ਕਰਨ ਦਾ ਭਰੋਸਾ ਦੁਆਇਆ ਦੂਜੇ ਪਾਸੇ ਸਾਜ਼ਸ਼ ਕਰਕੇ ਇਕ ਅੰਗ੍ਰੇਜ਼ ਨੂੰ ਠਾਕਰ ਸਾਹਬ ਦਾ ਸਲਾਹਕਾਰ ਬਣਾ ਦਿਤਾ।

ਪਰਜਾ ਤੇ ਫੇਰ ਜ਼ੁਲਮ ਹੋਣ ਲਗੇ। ਫੇਰ ਗ੍ਰਿਫ਼ਤਾਰੀਆਂ ਹੋਈਆਂ । ਫੇਰ ਸਮਝੌਤੇ ਦੀ ਗੱਲ ਚਲੀ। ਇਹ ਤਰਤੀਬ ਕਈ ਵਾਰ ਦੁਹਰਾਈ ਗਈ। ਅੰਤ ਵਿਚ ਗਾਂਧੀ ਜੀ ਵਿਚ ਪਏ। ਉਨ੍ਹਾਂ ਨੇ ਠਾਕਰ ਸਾਹਬ ਨਾਲ ਮੁਲਾਕਾਤ ਕੀਤੀ । ਕੈਦੀਆਂ ਨੂੰ ਵੀ ਮਿਲੇ। ਫੇਰ ਇਸ ਗੱਲਬਾਤ ਦੇ ਆਧਾਰ ਤੇ ਉਨ੍ਹਾਂ ਨੇ ਕੁਝ ਮਤੇ ਤਿਆਰ ਕੀਤੇ ਅਤੇ ਠਾਕਰ ਸਾਹਬ ਨੂੰ ਲਿਖਿਆ ਕਿ ਜੇ ਉਹ ਇਨ੍ਹਾਂ ਨੂੰ ਪ੍ਰਵਾਨ ਨਹੀਂ ਕਰਨਗੇ ਤਾਂ ਉਹ ਭੁੱਖ-ਹੜਤਾਲ ਸ਼ੁਰੂ ਕਰ ਦੇਣਗੇ ।

ਠਾਕਰ ਸਾਹਬ ਨੇ ਏਸ ਚਿਠੀ ਦਾ ਕੋਈ ਜੁਆਬ ਨਾ ਦਿਤਾ । ਗਾਂਧੀ ਜੀ ਨੇ ਭੁਖ-ਹੜਤਾਲ ਸ਼ੁਰੂ ਕਰ ਦਿਤੀ। ਨਾਲ ਹੀ ਉਨ੍ਹਾਂ ਨੇ ਵਾਇਸਰਾਏ ਨੂੰ ਵੀ ਇਕ ਚਿੱਠੀ ਲਿਖੀ। ਵਾਇਸਰਾਏ ਨੇ ਇਸ ਚਿੱਠੀ ਦਾ ਝੱਟਪੱਟ ਜੁਆਬ ਦਿਤਾ ਅਤੇ ਭਾਰਤ ਦੇ ਮੁੱਖ-ਨਿਆਂ-ਅਧਿਕਾਰੀ ਸਰ ਮਾਰਿਸ਼ ਗਵਾਇਰ ਨੂੰ ਸਮਝੌਤੇ ਦੀਆਂ ਸ਼ਰਤਾਂ ਦਾ ਠੀਕ ਅਰਥ ਕਰਨ ਲਈ ਨਿਯੁਕਤ ਕੀਤਾ।

ਗਾਂਧੀ ਜੀ ਨੇ ਆਪਣੀ ਭੁੱਖ-ਹੜਤਾਲ ਛੱਡ ਦਿੱਤੀ । ਮੁੱਖ-ਨਿਆਂ ਅਧਿਕਾਰੀ ਮਾਮਲੇ ਦੀ ਪੜਤਾਲ ਕਰਨ ਲੱਗੇ। ਅੰਤ ਵਿਚ ਉਨ੍ਹਾਂ ਨੇ ਫੈਸਲਾ ਦਿਤਾ, "ਸਮਿਤੀ ਦੇ ਦੱਸ ਮੈਂਬਰਾਂ ਵਿਚੋਂ ਸੱਤ ਮੈਂਬਰ ਪਰਜਾ ਪਰੀਸ਼ਦ ਵਲੋਂ ਸਰਦਾਰ ਵੱਲਭ ਭਾਈ ਰਾਹੀਂ ਤਜਵੀਜ਼ ਕੀਤੇ ਹੋਣਗੇ।"

ਇਸ ਘਟਨਾ ਨਾਲ ਦੂਜੇ ਰਾਜ ਸਾਵਧਾਨ ਹੋ ਗਏ ਅਤੇ ਪਰਜਾ ਪਰੀਸ਼ਦਾਂ ਵੀ ਉੱਤਰਦਾਈ ਹਕੂਮਤ ਲਈ ਤਿਆਰ ਹੋ ਗਈਆਂ। ਇਹ ਇਕ ਸ਼ੁਭ ਸ਼ਗਨ ਸੀ ਪਰੰਤੂ ਅਗਲੇ ਵਰ੍ਹੇ ਕਾਂਗਰਸ ਦੇ ਆਪਣੇ ਅੰਦਰ ਇਕ ਡੂੰਘਾ ਸੰਕਟ ਪੈਦਾ ਹੋ ਗਿਆ। ਸੰਨ 1939 ਵਿਚ ਕਾਂਗਰਸ ਦਾ ਸਮਾਗਮ ਤ੍ਰਿਪੁਰਾ ਵਿਚ ਹੋਣ ਵਾਲਾ ਸੀ । ਉਹਦੇ ਚੇਅਰਮੈਨ ਦੀ ਪਦਵੀ ਲਈ ਕਾਰਜ-ਸਮਿਤੀ ਨੇ ਮੌਲਾਨਾ ਅਬੁਲ ਕਲਾਮ ਆਜ਼ਾਦ ਦਾ ਨਾਂ ਤਜਵੀਜ਼ ਕੀਤਾ ਪਰੰਤੂ ਉਨ੍ਹਾਂ ਨੇ ਇਨਕਾਰ ਕਰ ਦਿਤਾ । ਤਦ ਸਮਿਤੀ ਨੇ ਡਾ: ਪੱਟਾਭੀ ਸੀਤਾਰਮਾਈਆ ਦਾ ਨਾਂ ਤਜਵੀਜ਼ ਕੀਤਾ। ਸ੍ਰੀ ਸੁਭਾਸ਼ ਚੰਦਰ ਬੋਸ ਵੀ ਮੈਦਾਨ ਵਿਚ ਸਨ । ਉਨ੍ਹਾਂ ਨੇ ਸਮਿਤੀ ਦੇ ਕਹਿਣ ਤੇ ਵੀ ਆਪਣਾ ਨਾਂ ਵਾਪਸ ਨਾ ਲਿਆ। ਗਾਂਧੀ ਜੀ ਅਤੇ ਜਵਾਹਰ ਲਾਲ ਜੀ ਦੀ ਗੱਲ ਵੀ ਉਨ੍ਹਾਂ ਨੇ ਨਹੀਂ ਮੰਨੀ। ਚੋਣ ਹੋਈ ਅਤੇ ਉਹ ਜਿੱਤ ਗਏ। ਗਾਂਧੀ ਜੀ ਨੇ ਇਹਨੂੰ ਆਪਣੀ ਹਾਰ ਮੰਨਿਆ।

ਉਸਦੇ ਮਗਰੋਂ ਕਾਂਗਰਸ ਵਿਚ ਜਿਹੜੀਆਂ ਭੈੜੀਆਂ ਘਟਨਾਵਾਂ ਵਾਪਰੀਆਂ, ਉਹ ਕਿਸੇ ਵੀ ਲਿਹਾਜ਼ ਤੋਂ ਇਸ ਮਹਾਨ ਸੰਸਥਾ ਲਈ ਢੁੱਕਵੀਆਂ ਨਹੀਂ ਸਨ। ਸ੍ਰੀ ਸੁਭਾਸ਼ ਚੰਦਰ ਬੋਸ ਉਨੀ ਦਿਨੀਂ ਬਿਮਾਰ ਸਨ। ਉਹ ਤ੍ਰਿਪੁਰਾ ਦੇ ਖੁਲ੍ਹੇ ਸਮਾਗਮ

ਵਿਚ ਵੀ ਨਹੀਂ ਆ ਸਕੇ। ਸਮਿਤੀ ਨੇ ਗਾਂਧੀ ਜੀ ਦੀ ਅਗਵਾਈ ਵਿਚ ਵਿਸ਼ਵਾਸ ਪ੍ਰਗਟ ਕਰਦੇ ਹੋਏ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਕਾਰਜ-ਸਮਿਤੀ ਦੇ ਮੈਂਬਰਾਂ ਦੀ ਚੋਣ ਗਾਂਧੀ ਜੀ ਦੀ ਸਲਾਹ ਨਾਲ ਕਰਨ।

ਕਾਂਗਰਸ ਚੇਅਰਮੈਨ ਨੇ ਇਸ ਮਤੇ ਨੂੰ ਮਨਜ਼ੂਰ ਨਹੀਂ ਕੀਤਾ। ਜਵਾਹਰ ਲਾਲ ਜੀ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਗਈਆਂ। ਪਾੜਾ ਵਧਦਾ ਗਿਆ। ਸੁਭਾਸ਼ ਬਾਬੂ ਨੇ ਚੇਅਰਮੈਨ ਦੀ ਪਦਵੀ ਤੋਂ ਅਸਤੀਫ਼ਾ ਦੇ ਦਿਤਾ। ਉਨ੍ਹਾਂ ਦੀ ਥਾਂ ਤੇ ਡਾ: ਰਾਜਿੰਦਰ ਪ੍ਰਸ਼ਾਦ ਚੁਣੇ ਗਏ ਪਰੰਤੂ ਵਾਤਾਵਰਣ ਅਜੇ ਵੀ ਠੀਕ ਨਹੀਂ ਸੀ। ਗੱਲ ਇਥੇ ਤਕ ਵੱਧੀ ਕਿ ਸੁਭਾਸ਼ ਚੰਦਰ ਬੋਸ ਨੂੰ ਉਨ੍ਹਾਂ ਦੇ ਕੁਝ ਕੰਮਾਂ ਕਰਕੇ ਤਿੰਨ ਸਾਲ ਲਈ ਕਾਂਗਰਸ ਵਿਚੋਂ ਕੱਢ ਦਿਤਾ ਗਿਆ। ਜੋ ਕੁਝ ਹੋਇਆ ਇਹ ਬਦਕਿਸਮਤੀ ਵਾਲਾ ਸੀ, ਇਸਤੋਂ ਵੀ ਵੱਧ ਬਦਕਿਸਮਤੀ ਦੀ ਗੱਲ ਇਹ ਸੀ ਕਿ ਇਸ ਲਈ ਸਰਦਾਰ ਸਾਹਬ ਹੀ ਬੰਗਾਲ ਦੇ ਸਭ ਤੋਂ ਵੱਧ ਵੈਰੀ ਬਣੇ। ਉਹ ਸਪੱਸ਼ਟਵਾਦੀ ਸਨ ਇਸੇ ਲਈ ਤਾਂ ਸ਼ਬਦਾਂ ਵਿਚ ਉਲਝਣਾਂ ਉਨ੍ਹਾਂ ਨੂੰ ਆਉਂਦਾ ਨਹੀਂ ਸੀ। ਜੋ ਦਿਲ ਵਿਚ ਸੀ ਉਹੀ ਜ਼ਬਾਨ ਤੇ ਸੀ। ਉਨ੍ਹਾਂ ਨੂੰ ਉਨ੍ਹਾਂ ਦੇ ਕੋਲ ਜਾ ਕੇ ਹੀ ਪਛਾਣਿਆ ਜਾ ਸਕਦਾ ਸੀ। ਜਿਹੜੇ ਕੋਲ ਨਹੀਂ ਜਾ ਸਕਦੇ ਸਨ ਉਹ ਉਨ੍ਹਾਂ ਨੂੰ ਆਪਣਾ ਵੈਰੀ ਸਮਝ ਲੈਂਦੇ ਸਨ। ਸੌਰਾਸ਼ਟਰ ਦੇ ਇਕ ਰਾਜੇ ਨੇ ਉਨ੍ਹਾਂ ਲਈ ਕਿਹਾ ਸੀ, "ਚਰੋਤਰ ਦੇ ਇਕ ਕੁਨਬੀ ਦੀ ਕੀ ਤਾਕਤ ਕਿ ਉਹ ਸਾਨੂੰ ਆਪਣੇ ਰਾਜ ਤੋਂ ਹਟਾ ਦਏ।"

ਉਨ੍ਹਾਂ ਨੇ ਸਰਦਾਰ ਦੇ ਕਤਲ ਦੀ ਸਾਜ਼ਸ਼ ਵੀ ਕੀਤੀ ਸੀ। ਪਰੰਤੂ ਜਦੋਂ ਉਹ ਸਰਦਾਰ ਦੇ ਮੇਲ ਵਿਚ ਆਏ, ਉਨ੍ਹਾਂ ਨੂੰ ਪਛਾਣਿਆ, ਤਾਂ ਉਹ ਹੀ ਰਾਜਾ ਉਨ੍ਹਾਂ ਨੂੰ ਆਪਣਾ ਵੱਡਾ ਭਰਾ ਮੰਨਣ ਲੱਗਾ।

ਕਾਂਗਰਸ ਇਸ ਤਰ੍ਹਾਂ ਭੰਬਲ-ਭੂਸੇ ਵਿਚ ਫਸੀ ਹੋਈ ਸੀ ਕਿ ਯੂਰਪ ਤੇ ਲੜਾਈ ਦੇ ਬੱਦਲ ਘੁੰਮਣ ਲਗ ਪਏ। ਹਿਟਲਰ ਦੀ ਅਗਵਾਈ ਹੇਠ ਜਰਮਨੀ ਨੇ ਯੂਰਪ ਦੇ ਛੋਟੇ ਛੋਟੇ ਮੁਲਕਾਂ ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿਤਾ। ਪਹਿਲਾਂ ਤਾਂ ਸਾਰਾ ਯੂਰਪ ਨਨ੍ਹੰਬਰ ਕੇ ਦੇਖਦਾ ਰਿਹਾ। ਪਰੰਤੂ ਜਦੋਂ ਉਹਨੇ ਪੋਲੈਂਡ ਤੇ ਵੀ ਕਬਜ਼ਾ ਕਰ ਲਿਆ ਤਾਂ ਮਜਬੂਰ ਹੋ ਕੇ ਇੰਗਲੈਂਡ ਅਤੇ ਫ਼ਰਾਂਸ ਆਦਿ ਦੋਸਤ ਮੁਲਕਾਂ ਨੂੰ ਉਸਦੇ ਵਿਰੁਧ ਲੜਾਈ ਦਾ ਐਲਾਨ ਕਰਨਾ ਪਿਆ।

ਕੁਝ ਸਮੇਂ ਮਗਰੋਂ ਭਾਰਤ ਦੇ ਵਾਇਸਰਾਏ ਨੇ ਵੀ ਇਸ ਦੇਸ਼ ਨੂੰ ਲੜਾਈ ਵਿਚ ਝੋਂਕ ਦਿਤਾ। ਉਹਨੇ ਪਰਜਾ ਰਾਹੀਂ ਚੁਣੇ ਗਏ ਮੰਤਰੀ ਮੰਡਲਾਂ ਤੋਂ ਸਲਾਹ ਵੀ ਨਾ ਲਈ। ਦੋਸਤ ਦੇਸ਼ਾਂ ਨੇ ਏਨਾ ਹੀ ਕਿਹਾ ਕਿ ਜੇਕਰ ਉਹ ਜਿੱਤ ਗਏ ਤਾਂ ਸਾਰੇ ਸੰਸਾਰ ਵਿਚ ਲੋਕ ਰਾਜ ਲਈ ਰਾਹ ਖੁਲ੍ਹ ਜਾਏਗਾ। ਪਰੰਤੂ ਕਾਂਗਰਸ ਨੇ ਮੰਗ

ਕੀਤੀ ਕਿ ਇੰਗਲੈਂਡ ਸਪੱਸ਼ਟ ਸ਼ਬਦਾਂ ਵਿਚ ਕਹੇ ਕਿ ਲੜਾਈ ਦੇ ਮਗਰੋਂ ਭਾਰਤ ਵਿਚ ਵੀ ਲੋਕਰਾਜ ਦੀ ਸਥਾਪਨਾ ਕੀਤੀ ਜਾਏਗੀ। ਗਾਂਧੀ ਜੀ ਇਸ ਮਤੇ ਨਾਲ ਸਹਿਮਤ ਨਹੀਂ ਸਨ। ਉਹ ਸਮਝਦੇ ਸਨ ਕਿ ਭਾਰਤ ਦੀ ਮੁਕਤੀ ਲਈ ਹਿੰਸਾ ਦੀ ਵਰਤੋਂ ਨਾ ਕੀਤੀ ਜਾਏ। ਲੜਾਈ ਦੀ ਹਮਾਇਤ ਹਿੰਸਾ ਦੀ ਹਮਾਇਤ ਹੈ। ਇੰਗਲੈਂਡ ਇਸ ਵਕਤ ਭਿਆਨਕ ਔਕੜ ਵਿਚ ਹੈ। ਹਿਟਲਰ ਦੇ ਬੰਬਾਂ ਦੀ ਮਾਰ ਨਾਲ ਉਨ੍ਹਾਂ ਦੇ ਰਾਜ ਮਹਿਲ ਖੋਖਲੇ ਹੋ ਰਹੇ ਹਨ। ਉਹਦੀ ਹਮਾਇਤ ਬਿਨਾਂ ਕਿਸੇ ਸ਼ਰਤ ਕਰਨੀ ਚਾਹੀਦੀ ਹੈ।

ਕਾਰਜ ਸਮਿਤੀ ਦੇ ਜ਼ਿਆਦਾਤਰ ਮੈਂਬਰ, ਜਿਨ੍ਹਾਂ ਵਿਚ ਸਰਦਾਰ ਵੀ ਸਨ, ਗਾਂਧੀ ਜੀ ਦੇ ਵਿਚਾਰ ਨੂੰ ਪ੍ਰਵਾਨ ਨਾ ਕਰ ਸਕੇ। ਸਰਦਾਰ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ, "ਮੈਂ ਤੁਹਾਡੇ ਹੁਕਮ ਦੀ ਪਾਲਣਾ ਕਰਨ ਨੂੰ ਤਿਆਰ ਹਾਂ, ਪਰੰਤੂ ਜੇਕਰ ਤੁਸੀਂ ਕਹੋ ਕਿ ਇਸ ਵਿਸ਼ੇ ਵਿਚ ਮੈਨੂੰ ਆਪਣੀ ਰਾਏ ਦੇ ਮੁਤਾਬਿਕ ਅਮਲ ਕਰਨਾ ਚਾਹੀਦਾ ਹੈ ਤਾਂ ਮੈਂ ਇਹ ਮੰਨਦਾ ਹਾਂ ਕਿ ਲੜਾਈ ਪੂਰੀ ਹੋਣ ਮਗਰੋਂ ਭਾਰਤ ਨੂੰ ਪੂਰੀ ਆਜ਼ਾਦੀ ਦੇਣ ਦੀ ਸ਼ਰਤ ਤੇ ਸਹਾਇਤਾ ਕਰਨ ਵਿਚ ਮੇਰੇ ਕਿਸੇ ਵਰਤ ਦਾ ਭੰਗ ਨਹੀਂ ਹੁੰਦਾ। ਅਹਿੰਸਾ ਨਾਲ ਭਾਰਤ ਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ, ਤੁਹਾਡਾ ਇਹ ਗੁਰ ਮੈਨੂੰ ਵਿਹਾਰਕ ਲਗਦਾ ਹੈ। ਉਸ ਹੱਦ ਤਕ ਮੈਂ ਅਹਿੰਸਾ ਧਰਮ ਪ੍ਰਵਾਨ ਕੀਤਾ। ਉਸਦਾ ਮੈਂ ਪੂਰੀ ਸ਼ਰਧਾ ਨਾਲ ਪਾਲਣ ਕਰਦਾ ਹਾਂ ਪਰੰਤੂ ਮੈਂ ਇਹ ਨਹੀਂ ਮੰਨਦਾ ਕਿ ਆਜ਼ਾਦੀ ਪ੍ਰਾਪਤ ਕਰਨ ਲਈ ਅੰਗ੍ਰੇਜ਼ੀ ਸਰਕਾਰ ਨੂੰ ਲੜਾਈ ਲਈ ਸੈਨਿਕ ਸਹਾਇਤਾ ਜਾਂ ਸਿੱਧੀ ਮਦਦ ਦੇਣ ਵਿਚ ਮੇਰੀ ਅਹਿੰਸਾ ਦਾ ਪ੍ਰਣ ਭੰਗ ਹੁੰਦਾ ਹੈ। ਫੇਰ ਵੀ ਜੇਕਰ ਤੁਸੀਂ ਹੁਕਮ ਦਿਉ ਕਿ ਮੈਨੂੰ ਤੁਹਾਡੇ ਨਾਲ ਰਹਿਣਾ ਚਾਹੀਦਾ ਹੈ ਤਾਂ ਮੈਂ ਆਪਣੇ ਮਤਭੇਦ ਇਕ ਪਾਸੇ ਰਖਕੇ ਤੁਹਾਡੇ ਹੁਕਮ ਅਨੁਸਾਰ ਅਮਲ ਕਰਾਂਗਾ।"

ਪਹਿਲੀ ਵਾਰ ਗਾਂਧੀ ਜੀ ਅਤੇ ਸਰਦਾਰ ਵਿਚਕਾਰ ਮਤਭੇਦ ਪ੍ਰਗਟ ਹੋਇਆ ਪਰੰਤੂ ਉਨ੍ਹਾਂ ਵਿਚ ਕੁੜੱਤਣ ਜ਼ਰਾ ਵੀ ਨਹੀਂ ਸੀ। ਜਦੋਂ ਗੁਜਰਾਤ ਪ੍ਰਦੇਸ਼ ਕਾਰਜ-ਸਮਿਤੀ ਦੇ 105 ਮੈਂਬਰਾਂ ਵਿਚੋਂ 100 ਨੇ ਸਰਦਾਰ ਦਾ ਪੱਖ ਪੂਰਿਆ ਤਾਂ ਗਾਂਧੀ ਜੀ ਖੁਸ਼ ਹੋਏ ਅਤੇ ਬੋਲੇ, "ਗੁਜਰਾਤ ਤਾਂ ਸਰਦਾਰ ਦਾ ਹੈ ਨਾਂ?"

ਗਾਂਧੀ ਜੀ ਕਾਂਗਰਸ ਤੋਂ ਵਖ ਹੋ ਗਏ, ਪਰੰਤੂ ਫੇਰ ਵੀ ਉਹ ਵਾਇਸਰਾਏ ਨੂੰ ਮਿਲੇ ਅਤੇ ਉਨ੍ਹਾਂ ਨੂੰ ਸਲਾਹ ਦਿਤੀ ਕਿ ਕਾਂਗਰਸ ਦੀ ਮੰਗ ਪ੍ਰਵਾਨ ਕਰ ਲੈਣੀ ਚਾਹੀਦੀ ਹੈ। ਪਰੰਤੂ ਸਰਕਾਰ ਦੀ ਨੀਅਤ ਸਾਫ਼ ਨਹੀਂ ਸੀ। ਵਾਇਸਰਾਏ ਨੇ ਕਾਂਗਰਸ, ਮੁਸਲਿਮ ਲੀਗ ਅਤੇ ਰਾਜਿਆਂ ਵਿਚਕਾਰ ਫੁੱਟ ਪਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ।

ਉਨ੍ਹਾਂ ਨੇ ਆਪਣੀ ਤਕਰੀਰ ਵਿਚ ਕਿਹਾ, ''ਇਨ੍ਹਾਂ ਸਭ ਗੱਲਾਂ ਦਾ ਫ਼ੈਸਲਾ ਲੜਾਈ ਦੇ ਸਮੇਂ ਵਿਚ ਕਰਨਾ ਸੰਭਵ ਨਹੀਂ। ਮਗਰੋਂ ਸਭ ਧਿਰਾਂ ਨਾਲ ਗੱਲਬਾਤ ਕਰਕੇ ਹੀ ਕੁਝ ਕਿਹਾ ਜਾ ਸਕੇਗਾ।''

ਇਸ ਤਕਰੀਰ ਮਗਰੋਂ ਕਾਂਗਰਸ ਦਾ ਉਤਸ਼ਾਹ ਠੰਢਾ ਪੈ ਗਿਆ। ਕਾਂਗਰਸ ਮੰਤਰੀ-ਮੰਡਲਾਂ ਨੇ ਅਸਤੀਫ਼ੇ ਦੇ ਦਿਤੇ। ਪਰੰਤੂ ਅਜੇ ਵੀ ਉਹ ਸਰਕਾਰ ਦੀਆਂ ਲੜਾਈ ਦੀਆਂ ਕੋਸ਼ਿਸ਼ਾਂ ਵਿਚ ਵਿਘਨ ਨਹੀਂ ਪਾਉਣਾ ਚਾਹੁੰਦੀ ਸੀ। ਗਾਂਧੀ ਜੀ ਮੁੜ ਵਾਇਸਰਾਏ ਨੂੰ ਮਿਲੇ, ਪਰੰਤੂ ਕੋਈ ਸਿੱਟਾ ਨਾ ਨਿਕਲਿਆ।

ਤਦ ਸਰਦਾਰ ਪਟੇਲ ਨੇ ਸਰਕਾਰ ਦੀ ਬਦਨੀਅਤ ਦਾ ਪਰਦਾ ਫ਼ਾਸ਼ ਕਰਦਿਆਂ ਇਕ ਤਕਰੀਰ ਕੀਤੀ। ਉਨ੍ਹਾਂ ਨੇ ਜਿਵੇਂ ਭਵਿੱਖਵਾਣੀ ਕੀਤੀ, ''ਤੁਸੀਂ ਏਸ ਲੜਾਈ ਵਿਚ ਜੇ ਕਰ ਹਾਰ ਗਏ ਤਾਂ ਆਪਣਾ ਸਭ ਕੁਝ ਗੁਆ ਦਿਉਗੇ ਅਤੇ ਜੇਕਰ ਜਿੱਤ ਵੀ ਗਏ ਤਾਂ ਇਹ ਜਿੱਤ ਏਨਾ ਜ਼ਿਆਦਾ ਕੁਝ ਗੁਆ ਕੇ ਪ੍ਰਾਪਤ ਕੀਤੀ ਹੋਏਗੀ ਕਿ ਤੁਸੀਂ ਗ਼ੁਲਾਮ ਕੌਮ ਦੇ ਵਾਂਗ ਹੀ ਕਮਜ਼ੋਰ ਬਣ ਜਾਉਗੇ। ਇਸ ਲੜਾਈ ਦੇ ਅੰਤ ਵਿਚ ਕੋਈ ਰਾਜ ਦੂਜੇ ਰਾਜ ਦੇ ਅਧਿਕਾਰ ਹੇਠ ਨਹੀਂ ਰਹੇਗਾ। ਇਸ ਵਿਸ਼ੇ ਵਿਚ ਸੰਸਾਰ ਦੇ ਲੋਕਾਂ ਦੇ ਵਿਚਾਰਾਂ ਅਤੇ ਮਨੌਤਾਂ ਵਿਚ ਜੜ੍ਹੋਂ ਹੀ ਇਨਕਲਾਬ ਆ ਜਾਏਗਾ।''

ਸੰਨ 1940 ਵਿਚ ਰਾਮਗੜ੍ਹ ਵਿਚ ਕਾਂਗਰਸ ਨੇ ਵੀ ਇਸੇ ਰਾਏ ਦਾ ਮਤਾ ਪਾਸ ਕੀਤਾ। ਉਹਨੇ ਸਤਿਆਗ੍ਰਹਿ ਦਾ ਵੀ ਸੰਕੇਤ ਕੀਤਾ। ਪਰੰਤੂ ਅਜੇ ਵੀ ਉਹ ਸਮਝੌਤਾ ਕਰਨ ਨੂੰ ਤਿਆਰ ਸੀ ਪਰੰਤੂ ਸਰਕਾਰ ਆਪਣੀ ਅੜੀ ਛੱਡੇ ਤਾਂ ਸਮਝੌਤਾ ਹੋਏ।

ਲੜਾਈ ਵਿਚ ਦੋਸਤ ਕੌਮਾਂ ਦੀ ਹਾਲਤ ਖ਼ਰਾਬ ਹੋ ਰਹੀ ਸੀ। ਜਾਪਾਨ ਵੀ ਜਰਮਨੀ ਵਲੋਂ ਲੜਾਈ ਵਿਚ ਆ ਗਿਆ ਸੀ। ਉਹਨੇ ਦੱਖਣੀ-ਪੂਰਬੀ ਏਸ਼ੀਆ ਦੇ ਦੇਸ਼ਾਂ ਤੇ ਅਧਿਕਾਰ ਕਰਨਾ ਸ਼ੁਰੂ ਕਰ ਦਿਤਾ। ਭਾਰਤ ਲਈ ਵੀ ਖ਼ਤਰੇ ਦੀ ਘੰਟੀ ਵਜ ਪਈ। ਪਰੰਤੂ ਖੁਸ਼ਕਿਸਮਤੀ ਨਾਲ ਉਸ ਸਮੇਂ ਰੂਸ ਨੇ ਹਿਟਲਰ ਦਾ ਵਿਰੋਧ ਕਰਨ ਦਾ ਫ਼ੈਸਲਾ ਕੀਤਾ। ਉਹ ਮਿੱਤਰ ਕੌਮਾਂ ਨਾਲ ਆ ਰਲਿਆ।

ਭਾਰਤ ਵਿਚ ਜਿਹੜੇ ਕਮਿਊਨਿਸਟ ਵਿਚਾਰਧਾਰਾ ਦੇ ਲੋਕ ਸਨ ਉਹ ਇਸ ਤੋਂ ਖੁਸ਼ ਹੋਏ। ਉਨ੍ਹਾਂ ਨੇ ਮਿੱਤਰ ਕੌਮਾਂ ਦੇ ਹੱਕ ਵਿਚ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ। ਜਾਪਾਨ ਦੇ ਹਮਲੇ ਦਾ ਡਰ ਤਾਂ ਹੈ ਹੀ ਸੀ, ਇਸ ਲਈ ਇੰਗਲੈਂਡ ਨੇ ਬਦੇਸ਼ੀ ਫ਼ੌਜਾਂ ਨੂੰ ਭਾਰਤ ਵਿਚ ਭੇਜਣਾ ਸ਼ੁਰੂ ਕਰ ਦਿਤਾ। ਉਨ੍ਹਾਂ ਨੂੰ ਵਸਾਉਣ ਲਈ ਉਹਨੇ ਪਿੰਡਾਂ ਦੇ ਪਿੰਡ ਉਜਾੜ ਦਿਤੇ, ਹੋਰ ਵੀ ਜ਼ੁਲਮ ਕੀਤੇ। ਜਦੋਂ ਨੇਤਾਵਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਲੜਾਈ ਦੀ ਕੋਸ਼ਿਸ਼ਾਂ ਵਿਚ ਰੁਕਾਵਟ ਪਾਉਣ ਦੇ ਅਪਰਾਧ ਹੇਠ

ਜੇਲ੍ਹ ਵਿਚ ਪਾ ਦਿਤਾ ਗਿਆ। ਸ੍ਰੀ ਜਵਾਹਰ ਲਾਲ ਨਹਿਰੂ ਵੀ ਉਨ੍ਹਾਂ ਵਿਚੋਂ ਇਕ ਸਨ। ਇਹ ਕਾਂਗਰਸ ਲਈ ਇਕ ਵੰਗਾਰ ਸੀ। ਗਾਂਧੀ ਜੀ ਨੇ ਇਹਦਾ ਜੁਆਬ 'ਵਿਅੱਕਤੀਗਤ ਸਤਿਆਗ੍ਰਹਿ' ਨਾਲ ਦਿਤਾ। 16 ਅਕਤੂਬਰ, 1940 ਤੋਂ ਇਹ ਸ਼ੁਰੂ ਹੋਇਆ। ਪਹਿਲੇ ਸਤਿਆਗ੍ਰਹਿ ਕਰਨ ਵਾਲੇ ਵਿਨੋਬਾ ਭਾਵੇ ਸਨ। ਦੂਜੇ ਸਨ ਸ੍ਰੀ ਜਵਾਹਰ ਲਾਲ ਨਹਿਰੂ, ਪਰ ਉਹ ਤਾਂ ਪਹਿਲਾਂ ਹੀ ਚਾਰ ਸਾਲ ਲਈ ਜੇਲ੍ਹ ਵਿਚ ਬੰਦ ਕਰ ਦਿਤੇ ਗਏ ਸਨ। ਇਸ ਲਈ ਉਨ੍ਹਾਂ ਦੀ ਥਾਂ ਮਿਲੀ ਸਰਦਾਰ ਸਾਹਿਬ ਨੂੰ। ਉਨਾਂ ਨੇ 18 ਨਵੰਬਰ, 1940 ਨੂੰ ਸਤਿਆਗ੍ਰਹਿ ਕਰਨ ਦਾ ਨਿਸਚੇ ਕੀਤਾ ਪਰ ਸਰਕਾਰ ਨੇ ਉਨ੍ਹਾਂ ਨੂੰ 17 ਤਾਰੀਖ ਨੂੰ ਹੀ ਫੜ ਕੇ ਸਾਬਰਮਤੀ ਜੇਲ੍ਹ ਵਿਚ ਬੰਦ ਕਰ ਦਿਤਾ।

ਇਹ ਲੜਾਈ ਬੜੀ ਅਜੀਬ ਸੀ। ਸਤਿਆਗ੍ਰਹਿ ਕਰਨ ਵਾਲਾ ਲੋਕਾਂ ਦੀ ਆਮ ਸਭਾ ਵਿਚ ਜਾ ਕੇ ਨਾਅਰੇ ਲਗਾਉਂਦਾ ਸੀ, 'ਲੜਾਈ ਵਿਚ ਨਾ ਦਿਆਂਗੇ ਇਕ ਪਾਈ, ਨਾ ਜਾਏਗਾ ਇਕ ਵੀ ਭਾਈ।' ਫੇਰ ਕਹਿੰਦਾ, 'ਜਨ ਜਾਂ ਧਨ ਨਾਲ ਇੰਗਲੈਂਡ ਦੀਆਂ ਲੜਾਈ ਕੋਸ਼ਿਸ਼ਾਂ ਵਿਚ ਸਹਾਇਤਾ ਦੇਣੀ ਗ਼ਲਤ ਹੈ। ਲੜਾਈ ਦਾ ਇਕੋ ਇਕ ਹੱਲ ਨਿਰੋਲ ਲੜਾਈ ਦਾ ਅਹਿੰਸਾਤਮਕ ਢੰਗ ਨਾਲ ਮੁਕਾਬਲਾ ਕਰਨਾ ਹੈ।'

ਸਰਦਾਰ ਜਦੋਂ ਜੇਲ੍ਹ ਵਿਚ ਸਨ ਤਾਂ ਉਨ੍ਹਾਂ ਦੇ ਮਗਰੋਂ ਸਰਕਾਰ ਦੀ ਨੀਤੀ ਕਾਰਣ ਅਹਿਮਦਾਬਾਦ ਆਦਿ ਥਾਵਾਂ ਤੇ ਫਿਰਕੂ ਫਸਾਦ ਸ਼ੁਰੂ ਹੋ ਗਏ ਸਨ। ਸਰਦਾਰ ਦੀ ਮਾਨਸਕ ਪੀੜ ਦੀ ਕੋਈ ਹੱਦ ਨਹੀਂ ਸੀ। ਸਿਹਤ ਉਨ੍ਹਾਂ ਦੀ ਪਹਿਲਾਂ ਹੀ ਖ਼ਰਾਬ ਸੀ। ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੈਂਸਰ ਹੋ ਗਿਆ ਹੈ। ਸਰਕਾਰ ਨੇ ਡਰ ਕੇ ਉਨ੍ਹਾਂ ਨੂੰ ਛਡ ਦਿਤਾ ਪਰ ਖੁਸ਼ਕਿਸਮਤੀ ਨਾਲ ਉਹ ਕੈਂਸਰ ਨਹੀਂ ਸੀ। ਅੰਤੜੀਆਂ ਦਾ ਰੋਗ ਸੀ।

ਏਧਰ ਫ਼ਿਰਕੂ ਫ਼ਸਾਦਾਂ ਕਾਰਣ ਗਾਂਧੀ ਜੀ ਨੇ ਗੁਜਰਾਤ ਵਿਚ ਸਤਿਆਗ੍ਰਹਿ ਬੰਦ ਕਰ ਦਿਤਾ, ਓਧਰ ਜਾਪਾਨ ਨੇ ਮਲਾਇਆ ਅਤੇ ਬਰਮਾ ਆਦਿ ਦੇਸ਼ਾਂ ਤੇ ਕਬਜ਼ਾ ਕਰ ਲਿਆ। ਅਜਿਹੀ ਨਾਜ਼ੁਕ ਸਥਿਤੀ ਦੇਖ ਕੇ ਅਮਰੀਕਾ ਨੇ ਇੰਗਲੈਂਡ ਨੂੰ ਕਿਹਾ ਕਿ ਉਹਨੂੰ ਕਿਸੇ ਤਰ੍ਹਾਂ ਵੀ ਭਾਰਤ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ।

ਅਖ਼ੀਰ ਪ੍ਰਧਾਨ ਮੰਤਰੀ ਚਰਚਲ ਨੇ ਆਪਣੇ ਮੰਤਰੀ-ਮੰਡਲ ਦੇ ਇਕ ਮੈਂਬਰ ਸਰ ਸਟੇਫਰਡ ਕ੍ਰਿਪਸ ਨੂੰ ਕੁਝ ਮਤਿਆਂ ਸਹਿਤ ਭਾਰਤ ਭੇਜਿਆ। ਪਰ ਉਹ ਮਤੇ ਏਨੇ ਖੋਖਲੇ ਸਨ ਕਿ ਉਹ ਕੁਝ ਨਾ ਕਰ ਸਕੇ। ਸਰਦਾਰ ਨੇ ਕਿਹਾ, "ਅਜ ਤਕ ਇਸ ਤੋਂ ਜ਼ਿਆਦਾ ਪਰਪੰਚੀ ਮਤੇ ਸਾਡੇ ਸਾਹਮਣੇ ਕਦੇ ਨਹੀਂ ਰਖੇ ਗਏ ਸਨ। ਉਹ ਇਸ ਪ੍ਰਕਾਰ ਤਿਆਰ ਕੀਤੇ ਗਏ ਸਨ ਜਿਸ ਨਾਲ ਲੜਾਈ ਦੇ ਮਗਰੋਂ ਵੀ ਅੰਗਰੇਜ਼ੀ ਹਕੂਮਤ

ਭਾਰਤ ਵਿਚ ਵਧੇਰੇ ਦ੍ਰਿੜ੍ਹਤਾ ਨਾਲ ਜੰਮੀ ਰਹੇ । ਜੇਕਰ ਭਾਰਤ ਨੇ ਸੱਚਮੁੱਚ ਹੀ ਬਾਹਰੀ ਖ਼ਤਰੇ ਦਾ ਸਫ਼ਲਤਾਪੂਰਵਕ ਸਾਹਮਣਾ ਕਰਨਾ ਹੋਏ ਤਾਂ ਉਹਦੀ ਪਰਜਾ ਦੇ ਹੱਥ ਵਿਚ ਪੂਰੀ ਹਕੂਮਤ ਅਤੇ ਆਜ਼ਾਦੀ ਹੋਣੀ ਚਾਹੀਦੀ ਹੈ । ਇੰਗਲੈਂਡ ਭਾਰਤ ਦੀ ਰਾਖੀ ਲਈ ਨਹੀਂ ਲੜਦਾ ਸਗੋਂ ਉਸ ਤੇ ਆਪਣਾ ਕਬਜ਼ਾ ਦੇਰ ਤਕ ਕਰੀ ਰਖਣ ਲਈ ਲੜਦਾ ਹੈ । ਜੇਕਰ ਅੰਗਰੇਜ਼ ਭਾਰਤੀਆਂ ਦੀ ਰਾਖੀ ਲਈ ਲੜਦੇ ਹੁੰਦੇ ਤਾਂ ਕਾਂਗਰਸ ਦੀ ਮੰਗ ਪ੍ਰਵਾਨ ਕਰਨ ਵਿਚ ਉਨ੍ਹਾਂ ਨੇ ਕੋਈ ਨਾਂਹ-ਨੁੱਕਰ ਨਾ ਕੀਤੀ ਹੁੰਦੀ ।''

ਦੋ ਟੁੱਕ ਸ਼ਬਦਾਂ ਵਿਚ ਸਰਦਾਰ ਸਾਹਿਬ ਨੇ ਸਾਰੀ ਹਾਲਤ ਸਪੱਸ਼ਟ ਕਰ ਦਿਤੀ ।

ਕੌੜਾ ਘੁੱਟ

ਗਾਂਧੀ ਜੀ ਜਦੋਂ ਸਾਰੀਆਂ ਕੋਸ਼ਿਸ਼ਾਂ ਕਰਕੇ ਹਾਰ ਗਏ ਤਾਂ ਉਨ੍ਹਾਂ ਨੇ ਆਪਣਾ ਅਮਰ ਨਾਅਰਾ ਲਾਇਆ, "ਅੰਗਰੇਜ਼ੋ, ਭਾਰਤ ਛੱਡੋ।" ਉਨ੍ਹਾਂ ਨੇ ਅੰਗਰੇਜ਼ਾਂ ਨੂੰ ਸਲਾਹ ਦਿਤੀ ਕਿ, "ਭਾਰਤ ਵਰਗੇ ਮਹਾਨ ਦੇਸ਼ ਨੂੰ ਖ਼ਤਰੇ ਵਿਚ ਰਖਣਾ ਬੜਾ ਖ਼ਤਰਨਾਕ ਹੈ। ਲੜਾਈ ਦੇ ਮਗਰੋਂ ਜਦੋਂ ਇੰਗਲੈਂਡ ਆਪ ਲਾਸ਼ ਵਰਗਾ ਨਿਰਜਿੰਦ ਹੋ ਜਾਏਗਾ ਉਸ ਸਮੇਂ ਭਾਰਤ ਦੇ ਮੁਕਾਬਲੇ ਭਾਰੀ ਲਾਸ਼ ਦੇ ਬੋਝ ਨਾਲ ਤਾਂ ਦੱਬ ਕੇ ਹੀ ਉਹ ਮਰ ਜਾਏਗਾ। ਇਸ ਲਈ ਆਪਣੇ ਸੁਆਰਥ ਲਈ ਸਹੀ, ਹੁਣ ਇੰਗਲੈਂਡ ਨੂੰ ਭਾਰਤ ਤੋਂ ਚਲੇ ਜਾਣਾ ਚਾਹੀਦਾ ਹੈ।"

ਜਨਤਾ ਨੂੰ ਉਨ੍ਹਾਂ ਨੇ ਕਿਹਾ ਕਿ ਜਦੋਂ ਤਕ ਅੰਗਰੇਜ਼ੀ ਸਰਕਾਰ ਇਸ ਸਲਾਹ ਨੂੰ ਮੰਨ ਕੇ ਭਾਰਤ ਤੋਂ ਨਾ ਚਲੀ ਜਾਏ ਉਦੋਂ ਤਕ ਪਰਜਾ 'ਕਰਾਂਗੇ ਜਾਂ ਮਰਾਂਗੇ' ਦਾ ਪ੍ਰਣ ਲੈ ਕੇ ਸੱਤਿਆਗ੍ਰਹਿ ਕਰਦੀ ਰਹੇ ਅਤੇ ਅਜਿਹੀ ਹਾਲਤ ਪੈਦਾ ਕਰ ਦੇਵੇ ਕਿ ਉਨ੍ਹਾਂ ਲਈ ਭਾਰਤ ਵਿਚ ਰਾਜ ਕਰਨਾ ਅਸੰਭਵ ਹੋ ਜਾਏ।

ਕਾਂਗਰਸ ਕਾਰਜ ਸਮਿਤੀ ਨੇ ਵੀ ਅੰਤ ਵਿਚ 14 ਜੁਲਾਈ, 1942 ਨੂੰ ਉਹ ਮਤਾ ਪਾਸ ਕਰ ਦਿਤਾ, ਜਿਸ ਦੇ ਅਨੁਸਾਰ, "ਅੰਗਰੇਜ਼ੀ ਸਰਕਾਰ ਜੇਕਰ ਕਾਂਗਰਸ ਦੀ ਮੰਗ ਪ੍ਰਵਾਨ ਨਾ ਕਰੇ ਤਾਂ 1920 ਦੇ ਮਗਰੋਂ ਕਾਂਗਰਸ ਨੇ ਰਾਜਸੀ ਹੱਕਾਂ ਅਤੇ ਆਜ਼ਾਦੀ ਪ੍ਰਾਪਤ ਕਰਨ ਲਈ ਜਿਨ੍ਹਾਂ-ਜਿਨ੍ਹਾਂ ਅਹਿੰਸਕ ਸਾਧਨਾਂ ਦੀ ਵਰਤੋਂ ਕੀਤੀ ਹੈ, ਉਨ੍ਹਾਂ ਸਭ ਦੀ ਇਕੋ ਵੇਲੇ ਵਰਤੋਂ ਕਰਨੀ ਉਸ ਦਾ ਫ਼ਰਜ਼ ਹੋ ਜਾਏਗਾ।"

ਇਸ ਮਤੇ ਤੇ ਵਿਚਾਰ ਕਰਨ ਲਈ 7 ਅਗਸਤ, 1942 ਨੂੰ ਬੰਬਈ ਵਿਚ ਮਹਾਂ-ਸਮਿਤੀ ਦੀ ਬੈਠਕ ਬੁਲਾਈ ਗਈ। ਸਰਦਾਰ ਸਾਹਿਬ ਦੀ ਸਿਹਤ ਉਨ੍ਹਾਂ ਦਾ ਸਾਥ ਨਹੀਂ ਸੀ ਦਿੰਦੀ। ਫੇਰ ਵੀ ਉਹ ਅਣਥੱਕ ਮਿਹਨਤ ਕਰ ਰਹੇ ਸਨ। ਉਨ੍ਹਾਂ ਨੇ ਸਾਰੇ ਦੇਸ਼ ਦਾ ਦੌਰਾ ਕੀਤਾ। ਉਹ ਭਾਵੀ ਜੁੱਧ ਲਈ ਜਨਤਾ ਨੂੰ ਚੇਤਾਵਨੀ ਦੇਣਾ ਚਾਹੁੰਦੇ ਸਨ। ਉਸ ਮਤੇ ਤੇ ਉਨ੍ਹਾਂ ਨੇ ਜਿਹੜੀ ਤਕਰੀਰ ਕੀਤੀ, ਉਹ ਅੱਗ ਵਰ੍ਹਾਉਣ ਵਾਲੀ ਸੀ। ਉਨ੍ਹਾਂ ਨੇ ਕਿਹਾ, "ਇਹ ਅੰਦੋਲਨ ਵਖਰੀ ਕਿਸਮ ਦਾ ਹੈ। ਜੇਕਰ ਤੁਸੀਂ ਸਮਝਦੇ ਹੋ ਕਿ ਤੁਹਾਡਾ ਸਭ ਕੁਝ ਸਲਾਮਤ ਰਹੇਗਾ, ਤੁਹਾਡਾ ਵਪਾਰ ਧੰਦਾ ਚਲਦਾ ਰਹੇਗਾ। ਬਹੁਤ ਹੋਇਆ ਤਾਂ ਅਸੀਂ ਜੇਲ੍ਹ ਵਿਚ ਜਾ ਬੈਠਾਂਗੇ—ਉਥੇ ਖਾਵਾਂਗੇ, ਪੁਸਤਕਾਂ ਪੜ੍ਹਾਂਗੇ ਅਤੇ ਸ਼ਾਨ ਵਧਾਵਾਂਗੇ ਤਾਂ ਤੁਸੀਂ ਇਹ ਮਤਾ ਪਾਸ ਨਾ ਕਰੋ।

ਪਰੰਤੂ ਜੇਕਰ ਤੁਹਾਡਾ ਇਹ ਨਿਸਚੇ ਹੋਏ ਕਿ ਇਸ ਅੰਦੋਲਨ ਵਿਚ ਆਜ਼ਾਦੀ ਲੈਣ ਲਈ ਮਰਨ ਦਾ ਮੌਕਾ ਆਉਣ ਤੇ ਮਰ ਜਾਵਾਂਗੇ, ਫਨ੍ਹਾ ਹੋ ਜਾਵਾਂਗੇ, ਤਦ ਅਗੇ ਵਧੋ। ਅਤੇ ਇਹ ਵੀ ਮੰਨ ਕੇ ਚਲਣਾ ਕਿ ਇਸ ਅੰਦੋਲਨ ਤੋਂ, ਇਸ ਲੜਾਈ ਤੋਂ ਜੋ ਕੁਝ ਮਿਲੇਗਾ—ਸਾਨੂੰ ਕੁਝ ਨਹੀਂ ਚਾਹੀਦਾ। ਅਜਿਹਾ ਨਿਸਚੇ ਹੋਏ ਤਾਂ ਹੀ ਤੁਸੀਂ ਇਸ ਅੰਦੋਲਨ ਵਿਚ ਸ਼ਾਮਲ ਹੋਵੋ।"

ਮਹਾਂ-ਸਮਿਤੀ ਨੇ 8 ਅਗਸਤ, 1942 ਨੂੰ ਬੜੇ ਬਹੁਮੱਤ ਨਾਲ ਇਹ ਮਤਾ ਪਾਸ ਕਰ ਦਿਤਾ। ਦੂਜੇ ਦਿਨ ਸਵੇਰੇ ਹੀ ਸਰਕਾਰ ਨੇ ਦੂਜੇ ਨੇਤਾਵਾਂ ਦੇ ਨਾਲ ਸਰਦਾਰ ਸਾਹਿਬ ਨੂੰ ਵੀ ਗ੍ਰਿਫ਼ਤਾਰ ਕਰਕੇ ਅਹਿਮਦਨਗਰ ਦੇ ਕਿਲ੍ਹੇ ਵਿਚ ਬੰਦ ਕਰ ਦਿਤਾ। ਦੇਸ਼ ਇਕ ਪਲ ਤਾਂ ਠਨੰਬਰ ਕੇ ਰਹਿ ਗਿਆ, ਪਰੰਤੂ ਦੂਜੇ ਹੀ ਪਲ ਜਨਤਾ ਦਾ ਜੋਸ਼ ਝਰਨੇ ਵਾਂਗ ਉੱਬਲ ਪਿਆ। ਗਾਂਧੀ ਜੀ ਮੰਤਰ ਦੇ ਗਏ ਸਨ ਕਿ ਸਭ ਆਪਣੇ ਨੇਤਾ ਆਪ ਹੋਣਗੇ। ਇਸ ਲਈ ਸਰਕਾਰੀ ਸੰਸਥਾਵਾਂ ਤੇ ਹੱਲਾ ਬੋਲਿਆ ਜਾਣ ਲੱਗਾ। ਰੇਲ ਦੀਆਂ ਪੱਟੜੀਆਂ ਪੁੱਟ ਦਿਤੀਆਂ ਗਈਆਂ। ਟੈਲੀਫ਼ੋਨ ਦੇ ਤਾਰ ਕੱਟ ਦਿਤੇ ਗਏ। ਪੁਲੀਸ ਸਟੇਸ਼ਨ ਵੀ ਨਾ ਬਚੇ। ਓਧਰ ਸਰਕਾਰ ਨੇ ਵੀ ਜ਼ੁਲਮ ਦੀ ਹੱਦ ਕਰ ਦਿਤੀ। ਗੋਲੀ ਚਲਾਉਣਾ ਅਤੇ ਗੋਲੀ ਖਾਣਾ ਜਿਵੇਂ ਹਾਸਾ-ਮਖ਼ੌਲ ਹੋ ਗਿਆ। ਸਾਰਾ ਦੇਸ਼ ਇਕ ਬਹੁਤ ਵੱਡਾ ਜੇਲ੍ਹ ਖ਼ਾਨਾ ਬਣ ਗਿਆ। ਅੱਤਿਆਚਾਰ ਦੇ ਕਾਲੇ ਧੂੰਏਂ ਨੇ ਸਾਰੇ ਵਾਤਾਵਰਣ ਨੂੰ ਗੰਦਾ ਕਰ ਦਿਤਾ। ਚਾਰੇ ਪਾਸੇ ਹਾਹਾਕਾਰ, ਕੁਰਲਾਹਟ, ਬਰਬਾਦੀ ਅਤੇ ਤ੍ਰਹਿ-ਤ੍ਰਹਿ ਮੱਚ ਗਈ।

ਸਰਕਾਰੀ ਅੰਕੜਿਆਂ ਅਨੁਸਾਰ 60,000 ਤੋਂ ਜ਼ਿਆਦਾ ਵਿਅਕਤੀ ਫੜੇ ਗਏ, 18,000 ਤੋਂ ਜ਼ਿਆਦਾ ਨਜ਼ਰਬੰਦ ਹੋਏ, 2,500 ਤੋਂ ਜ਼ਿਆਦਾ ਮਰੇ ਜਾਂ ਫੱਟੜ ਹੋਏ। ਕਰੋੜਾਂ ਰੁਪਏ ਜੁਰਮਾਨਾ ਹੋਇਆ। ਹਜ਼ਾਰਾਂ ਮਕਾਨ ਸੜੇ। ਜਨਤਾ ਤੇ ਗੋਲੀ ਚਲਾਉਣ ਲਈ ਹਵਾਈ ਜਹਾਜ਼ਾਂ ਦੀ ਵਰਤੋਂ ਕੀਤੀ ਗਈ। ਇਸ ਪ੍ਰਕਾਰ ਆਜ਼ਾਦੀ ਦੇ ਇਸ ਯੱਗ ਵਿਚ ਦੇਸ਼ ਦੇ ਲਾਡਲੇ ਪੁਤਰਾਂ ਨੇ ਜਾਨਾਂ ਕੁਰਬਾਨ ਕਰਨ ਵਿਚ ਕੋਈ ਕਸਰ ਨਾ ਛੱਡੀ।

ਦੂਜੇ ਪਾਸੇ ਸੰਸਾਰ-ਜੁੱਧ ਵੀ ਤਬਾਹੀ ਦੀ ਸਿਖਰ ਤੇ ਪਹੁੰਚ ਰਿਹਾ ਸੀ। ਜਾਪਾਨ ਦੀ ਅੱਖ ਭਾਰਤ ਤੇ ਸੀ। ਬੰਗਾਲ ਦੀ ਖਾੜੀ ਵਿਚ ਹਲਚਲ ਸੀ। ਹਵਾਈ ਜਹਾਜ਼ ਉਹਦੇ ਅਸਮਾਨ ਵਿਚ ਭੌਂ ਰਹੇ ਸਨ। ਸ੍ਰੀ ਸੁਭਾਸ਼ ਚੰਦਰ ਬੋਸ 1941 ਵਿਚ ਭਾਰਤ ਵਿਚੋਂ ਨਿਕਲ ਕੇ ਭੱਜ ਗਏ ਸਨ। ਉਨ੍ਹਾਂ ਨੇ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ ਅਤੇ ਦਸੰਬਰ 1943 ਵਿਚ ਜਾਪਾਨ ਦੀ ਸਹਾਇਤਾ ਨਾਲ ਬਕਾਇਦਾ ਲੜਾਈ ਦਾ ਐਲਾਨ ਕਰ ਦਿਤਾ। ਜਲਦੀ ਹੀ ਪੋਰਟ ਬਲੇਅਰ ਤੇ ਉਨ੍ਹਾਂ ਦਾ ਕਬਜ਼ਾ ਹੋ ਗਿਆ।

ਏਨਾ ਹੀ ਨਹੀਂ, ਮਈ, 1944 ਤਕ ਉਨ੍ਹਾਂ ਨੇ ਇਮਫ਼ਾਲ ਨੂੰ ਘੇਰਾ ਪਾ ਲਿਆ। ਉਨ੍ਹਾਂ ਦਾ ਨਿਸ਼ਾਨਾ ਸੀ 'ਦਿੱਲੀ ਚੱਲੋ'। ਉਨ੍ਹਾਂ ਦਾ ਉਦੇਸ਼ ਸੀ, 'ਆਜ਼ਾਦੀ ਜਾਂ ਮੌਤ।'

ਗਾਂਧੀ ਜੀ ਪੂਨਾ ਦੇ ਆਗਾ ਖਾਂ ਮਹਿਲ ਵਿਚ ਨਜ਼ਰਬੰਦ ਸਨ। 15 ਅਗਸਤ, 1942 ਨੂੰ ਉਨ੍ਹਾਂ ਦੇ ਨਿੱਜੀ ਸਕੱਤਰ ਮਹਾਦੇਵ ਭਾਈ ਅਚਾਨਕ ਚਲ ਵੱਸੇ। 22 ਫ਼ਰਵਰੀ, 1944 ਨੂੰ ਮਾਤਾ ਕਸਤੂਰਬਾ ਦੀ ਵੀ ਮੌਤ ਹੋ ਗਈ। ਇਸ ਤੋਂ ਪਹਿਲਾਂ ਸਰਕਾਰ ਦੇ ਰੱਵਈਏ ਤੋਂ ਦੁਖੀ ਹੋ ਕੇ ਉਨ੍ਹਾਂ ਨੇ (9 ਫ਼ਰਵਰੀ, 1943 ਤੋਂ) 21 ਦਿਨ ਫ਼ਾਕਾ ਵੀ ਕੱਟਿਆ ਸੀ। ਇਕ ਵਾਰ ਤਾਂ ਉਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਰਹੀ ਸੀ। ਮਾਤਾ ਕਸਤੂਰਬਾ ਦੀ ਮੌਤ ਮਗਰੋਂ ਉਨ੍ਹਾਂ ਦੀ ਸਿਹਤ ਹੋਰ ਵੀ ਖ਼ਰਾਬ ਹੋ ਗਈ। ਤਦ 6 ਮਈ, 1944 ਨੂੰ ਸਰਕਾਰ ਨੇ ਉਨ੍ਹਾਂ ਨੂੰ ਰਿਹਾ ਕਰ ਦਿਤਾ। ਪਰੰਤੂ ਸਰਦਾਰ ਨੂੰ ਨਾ ਛੱਡਿਆ। ਉਹ ਅਹਿਮਦਨਗਰ ਦੇ ਕਿਲ੍ਹੇ ਵਿਚ ਸਨ। ਅੰਤੜੀਆਂ ਦਾ ਪੁਰਾਣਾ ਰੋਗ ਉਨ੍ਹਾਂ ਨੂੰ ਮੁੜ ਕਸ਼ਟ ਦੇ ਰਿਹਾ ਸੀ। ਉਹ ਨਾ ਲੇਟ ਸਕਦੇ ਸਨ, ਨਾ ਖਾਣਾ ਖਾ ਸਕਦੇ ਸਨ। ਬਸ ਪਾਣੀ ਪੀ ਕੇ ਰਹਿੰਦੇ ਸਨ।

ਇਸ ਤਰ੍ਹਾਂ ਹਾਲਤ ਦਿਨੋਂ-ਦਿਨ ਖ਼ਰਾਬ ਹੁੰਦੀ ਜਾ ਰਹੀ ਸੀ ਕਿ ਮਈ, 1945 ਵਿਚ ਲੜਾਈ ਮੁੱਕ ਗਈ। ਮਿੱਤਰ ਕੌਮਾਂ ਜਿੱਤ ਗਈਆਂ। ਭਾਰਤ ਦੇ ਨਵੇਂ ਵਾਇਸਰਾਏ ਨੇ ਐਲਾਨ ਕੀਤਾ, "ਸਮੱਸਿਆ ਦਾ ਹੱਲ ਕੱਢਣ ਲਈ 25 ਜੂਨ ਤੋਂ ਸ਼ਿਮਲੇ ਵਿਚ ਰਾਜਸੀ ਨੇਤਾਵਾਂ ਦਾ ਸਮੇਲਨ ਹੋਏਗਾ। ਕਾਂਗਰਸ ਕਾਰਜ-ਸਮਿਤੀ ਦੇ ਸਾਰੇ ਮੈਂਬਰਾਂ ਦੀ ਰਿਹਾਈ ਦੇ ਹੁਕਮ ਦੇ ਦਿਤੇ ਗਏ ਹਨ।"

15 ਜੂਨ, 1945 ਨੂੰ ਦੂਜੇ ਨੇਤਾਵਾਂ ਨਾਲ ਸਰਦਾਰ ਪਟੇਲ ਨੂੰ ਵੀ ਮੁਕਤ ਕਰ ਦਿਤਾ ਗਿਆ। ਪਹਿਲਾਂ ਉਹ ਗਾਂਧੀ ਜੀ ਨੂੰ ਮਿਲੇ। ਫੇਰ ਨੇਤਾਵਾਂ ਦੇ ਸਮੇਲਨ ਵਿਚ ਹਿੱਸਾ ਲੈਣ ਲਈ ਸ਼ਿਮਲੇ ਪਹੁੰਚੇ। ਪਰੰਤੂ ਉਸ ਸਮੇਲਨ ਦਾ ਆਧਾਰ ਫਿਰਕੂ ਸੀ। ਏਸ ਲਈ ਉਹ ਸਫ਼ਲ ਨਾ ਹੋ ਸਕਿਆ। ਮਿਸਟਰ ਜਿਨਾਹ ਨੇ ਉਥੇ ਬੜਾ ਸਖ਼ਤ ਰੁੱਖ ਅਪਣਾਇਆ। ਜਦੋਂ ਕਾਂਗਰਸ ਦੇ ਨੇਤਾ ਜੇਲ੍ਹ ਵਿਚ ਸਨ ਤਾਂ ਮੁਸਲਿਮ ਲੀਗ ਨੇ ਮੁਸਲਮਾਨਾਂ ਤੇ ਕਾਫ਼ੀ ਪ੍ਰਭਾਵ ਜਮਾ ਲਿਆ ਸੀ ਇਸ ਲਈ ਉਹ ਪਾਕਿਸਤਾਨ ਲੈਣ ਦੀ ਆਪਣੀ ਅੜੀ ਤੇ ਅੜੇ ਰਹੇ। ਤਦ ਤਕ ਇੰਗਲੈਂਡ ਵਿਚ ਮਜ਼ਦੂਰ ਪਾਰਟੀ ਦੀ ਸਰਕਾਰ ਬਣ ਚੁੱਕੀ ਸੀ। ਉਹਦੀ ਨੀਤੀ ਵਿਚ ਤਬਦੀਲੀ ਹੋਣੀ ਲਾਜ਼ਮੀ ਸੀ। ਇਸ ਲਈ 15 ਅਗਸਤ ਨੂੰ ਬਾਦਸ਼ਾਹ ਨੇ ਐਲਾਨ ਕੀਤਾ, "ਭਾਰਤੀ ਲੋਕਾਂ ਨਾਲ ਕੀਤੇ ਗਏ ਕਰਾਰਾਂ ਅਨੁਸਾਰ ਮੇਰੀ ਨਵੀਂ ਸਰਕਾਰ ਭਾਰਤੀ ਨੇਤਾਵਾਂ ਨਾਲ ਮਿਲ ਕੇ ਜਲਦੀ ਹੀ ਉਥੇ ਉਨ੍ਹਾਂ ਦੀ ਹਕੂਮਤ ਬਣਾਉਣ ਲਈ ਬਹੁਤ ਕੋਸ਼ਿਸ਼ ਕਰੇਗੀ।"

ਇਹ ਇਸ ਲਈ ਵੀ ਜ਼ਰੂਰੀ ਸੀ ਕਿਉਂਕਿ ਫ਼ੌਜ ਵਿਚ ਬਗ਼ਾਵਤ ਦੀਆਂ ਚੰਗਿਆੜੀਆਂ ਭੜਕਣ ਲਗੀਆਂ ਸਨ। ਫ਼ਰਵਰੀ, 1946 ਵਿਚ ਸੱਚਮੁੱਚ ਸਮੁੰਦਰੀ-ਫ਼ੌਜ ਨੇ ਬਗ਼ਾਵਤ ਦਾ ਝੰਡਾ ਬੁਲੰਦ ਕਰ ਦਿਤਾ। ਇੰਗਲੈਂਡ ਨੇ ਭਵਿਖ ਨੂੰ ਜਿਵੇਂ ਪਛਾਣ ਲਿਆ ਅਤੇ ਲਾਰਡ ਪੈਥਿਕ ਲਾਰੈਂਸ ਦੀ ਅਗਵਾਈ ਹੇਠ ਇਕ ਕੈਬਨੇਟ ਮਿਸ਼ਨ ਭਾਰਤ ਭੇਜਿਆ। ਉਹ ਕਈ ਦਿਨਾਂ ਤਕ ਨੇਤਾਵਾਂ ਨਾਲ ਗੱਲਬਾਤ ਕਰਦਾ ਰਿਹਾ।

ਮਈ, 1946 ਵਿਚ ਉਸ ਨੇ ਆਪਣੀ ਯੋਜਨਾ ਪ੍ਰਕਾਸ਼ਤ ਕਰ ਦਿਤੀ। ਉਸ ਵਿਚ ਕਿਹਾ ਗਿਆ ਸੀ ਕਿ ਇਕ ਸਰਬ ਭਾਰਤੀ ਸੰਯੁਕਤ ਰਾਸ਼ਟਰ ਵਿਚ ਅੰਗਰੇਜ਼ੀ ਭਾਰਤ ਅਤੇ ਦੇਸੀ ਰਾਜ ਸ਼ਾਮਲ ਹੋਣਗੇ। ਉਸ ਦੇ ਹੇਠ ਬਦੇਸ਼ੀ ਮਾਮਲੇ, ਰੱਖਿਆ ਅਤੇ ਆਵਾਜਾਈ ਦੇ ਵਿਸ਼ੇ ਹੋਣਗੇ। ਬਾਕੀ ਦੇ ਵਿਸ਼ੇ ਪ੍ਰਾਂਤਾਂ ਅਤੇ ਰਾਜਾਂ ਦੇ ਅਧੀਨ ਹੋਣਗੇ।

ਭਾਵੇਂ ਕਾਂਗਰਸ ਦੇ ਨੇਤਾ ਇਸ ਨਾਲ ਸਹਿਮਤ ਨਹੀਂ ਸਨ, ਫੇਰ ਵੀ ਕੁਝ ਸੋਧਾਂ ਨਾਲ ਉਨ੍ਹਾਂ ਨੇ ਇਸ ਯੋਜਨਾ ਨੂੰ ਪ੍ਰਵਾਨ ਕਰ ਲਿਆ। ਇਸਦਾ ਸਿੱਟਾ ਇਹ ਹੋਇਆ ਕਿ ਜਿਨ੍ਹਾਂ ਪ੍ਰਾਂਤਾਂ ਵਿਚ ਪਹਿਲਾਂ ਕਾਂਗਰਸੀ ਮੰਤਰੀ-ਮੰਡਲ ਸਨ, ਮੁੜ ਉਵੇਂ ਹੀ ਸੰਗਠਤ ਹੋ ਗਏ। 2 ਸਤੰਬਰ, 1946 ਨੂੰ ਕੇਂਦਰ ਵਿਚ ਆਰਜ਼ੀ ਸਰਕਾਰ ਬਣੀ। ਇਸਦੇ ਨੇਤਾ ਬਣੇ ਪੰ. ਜਵਾਹਰ ਲਾਲ ਨਹਿਰੂ। ਗ੍ਰਹਿ ਵਿਭਾਗ ਸਰਦਾਰ ਵੱਲਭਭਾਈ ਨੂੰ ਸੌਂਪਿਆ ਗਿਆ। ਮੁਸਲਿਮ ਲੀਗ ਪਹਿਲਾਂ ਤਾਂ ਇਸ ਵਿਚ ਸ਼ਾਮਲ ਨਾ ਹੋਈ, ਜਦੋਂ ਹੋਈ ਤਾਂ ਉਹਨੇ ਆਪਣੇ ਲਈ ਗ੍ਰਹਿ ਵਿਭਾਗ ਦੀ ਮੰਗ ਕੀਤੀ। ਪਰੰਤੂ ਸਰਦਾਰ ਸਾਹਿਬ ਕਿਸੇ ਤਰ੍ਹਾਂ ਵੀ ਤਿਆਰ ਨਾ ਹੋਏ। ਮੁਸਲਿਮ ਲੀਗ ਨੂੰ ਵਿੱਤ ਵਿਭਾਗ ਲੈ ਕੇ ਸੰਤੁਸ਼ਟ ਹੋਣਾ ਪਿਆ।

ਕੁਝ ਲੋਕ ਕਹਿੰਦੇ ਸਨ ਕਿ ਸਰਦਾਰ ਸਾਹਿਬ ਨੂੰ ਹੱਠ ਨਹੀਂ ਕਰਨਾ ਚਾਹੀਦਾ ਸੀ ਪਰੰਤੂ ਅਜਿਹਾ ਕਹਿਣ ਵਾਲਿਆਂ ਨੂੰ ਹਕੂਮਤ ਦਾ ਤਜਰਬਾ ਨਹੀਂ ਸੀ। ਦੇਸ਼ ਵਿਚ ਉਸ ਵੇਲੇ ਫ਼ਿਰਕਾ-ਪ੍ਰਸਤੀ ਦਾ ਜ਼ੋਰ ਸੀ। ਪੁਲੀਸ ਗ੍ਰਹਿ ਵਿਭਾਗ ਦੇ ਅਧੀਨ ਹੁੰਦੀ ਹੈ। ਮੁਸਲਿਮ ਲੀਗ ਜ਼ਰੂਰ ਕੁਵਰਤੋਂ ਕਰਦੀ। ਕਿਉਂਕਿ ਉਸਨੇ ਐਲਾਨ ਕੀਤਾ ਸੀ ਕਿ ਉਹ ਕੇਂਦਰੀ ਸਰਕਾਰ ਨੂੰ ਤੋੜਨ ਲਈ ਹੀ ਉਸ ਵਿਚ ਸ਼ਾਮਲ ਹੋਈ ਹੈ।

ਇਸ ਤੋਂ ਪਹਿਲਾਂ ਹੀ ਉਹ (16 ਅਗਸਤ, 1946) 'ਸਿੱਧੀ ਕਾਰਵਾਈ' ਦਾ ਦਿਨ ਮਨਾ ਚੁੱਕੀ ਸੀ। ਉਸਦੇ ਕਾਰਣ ਅਸ਼ਾਂਤ ਦੇਸ਼ ਹੋਰ ਵੀ ਅਸ਼ਾਂਤ ਹੋ ਉਠਿਆ ਸੀ। ਦੇਸ਼ ਭਰ ਵਿਚ ਫ਼ਿਰਕੂ ਫ਼ਸਾਦ ਹੋ ਰਹੇ ਸਨ। ਚਾਰੇ ਪਾਸੇ ਹੈਵਾਨੀਅਤ ਦਾ ਬੋਲ-ਬਾਲਾ ਸੀ। ਇਸਤ੍ਰੀਆਂ-ਬੱਚਿਆਂ ਕਿਸੇ ਦਾ ਜੀਵਨ ਵੀ ਸੁਰੱਖਿਅਤ ਨਹੀਂ ਸੀ ਰਿਹਾ।

ਇੰਗਲੈਂਡ ਦੇ ਪ੍ਰਧਾਨ ਮੰਤਰੀ ਐਲਾਨ ਕਰ ਚੁਕੇ ਸਨ ਕਿ ਜੂਨ, 1948 ਵਿਚ ਭਾਰਤ ਨੂੰ ਆਜ਼ਾਦੀ ਦੇ ਦਿਤੀ ਜਾਏਗੀ। ਪਰੰਤੂ ਨਵੇਂ ਵਾਇਸਰਾਏ ਲਾਰਡ

ਮਾਊਂਟਬੈਟਨ ਨੇ ਵੇਖਿਆ ਕਿ ਹਾਲਾਤ ਬਹੁਤ ਖ਼ਰਾਬ ਹਨ। ਪਾਕਿਸਤਾਨ ਦੀ ਮੰਗ ਵੀ ਪ੍ਰਬਲ ਹੋ ਰਹੀ ਹੈ ਤਾਂ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਭਾਰਤ ਹੁਣ ਹੋਰ ਉਡੀਕ ਨਹੀਂ ਕਰ ਸਕੇਗਾ। ਉਨ੍ਹਾਂ ਨੇ ਇੰਗਲੈਂਡ ਦੀ ਸਰਕਾਰ ਨਾਲ ਫੇਰ ਸਲਾਹ ਕੀਤੀ ਅਤੇ ਅੰਤਮ ਰੂਪ ਵਿਚ **3** ਜੂਨ ਨੂੰ ਇਹ ਐਲਾਨ ਕੀਤਾ ਕਿ ਭਾਰਤ **15** ਅਗਸਤ, ਸੰਨ **1947** ਨੂੰ ਆਜ਼ਾਦ ਰਾਸ਼ਟਰ ਐਲਾਨ ਕਰ ਦਿਤਾ ਜਾਏਗਾ ਅਤੇ ਮੁਸਲਿਮ ਲੀਗ ਨੂੰ ਪਾਕਿਸਤਾਨ ਦੇ ਦਿਤਾ ਜਾਏਗਾ ਭਾਵ ਭਾਰਤ ਦੋ ਹਿੱਸਿਆਂ ਵਿਚ ਵੰਡਿਆ ਜਾਏਗਾ। ਗਾਂਧੀ ਜੀ ਵੰਡ ਦੀ ਸ਼ਰਤ ਤੇ ਆਜ਼ਾਦੀ ਲੈਣ ਨੂੰ ਤਿਆਰ ਨਹੀਂ ਸਨ।

ਅਜਿਹੇ ਖਿਚਾਅ ਵਾਲੇ ਵਾਤਾਵਰਣ ਵਿਚ **14** ਜੂਨ, **1947** ਨੂੰ ਇਸ ਐਲਾਨ ਤੇ ਵਿਚਾਰ ਕਰਨ ਲਈ ਕਾਂਗਰਸ ਨੇ ਮਹਾਂ-ਸਮਿਤੀ ਦੀ ਬੈਠਕ ਨਵੀਂ ਦਿੱਲੀ ਵਿਚ ਬੁਲਾਈ। ਸਭ ਦੇ ਦਿਲ ਦੁਖੀ ਸਨ। ਪੰਡਾਲ ਵਿਚ ਸਿਸਕੀਆਂ ਦੀ ਆਵਾਜ਼ ਆ ਰਹੀ ਸੀ। ਭਾਰਤ ਦੇ ਟੁੱਕੜੇ ਹੋਣ   ਉਸ ਸਮੇਂ ਸਰਦਾਰ ਉੱਠੇ। ਉਨ੍ਹਾਂ ਦਾ ਜੀਅ ਭਰਿਆ ਹੋਇਆ ਸੀ। ਪਰੰਤੂ ਉਨ੍ਹਾਂ ਨੇ ਜੋ ਕੁਝ ਕਿਹਾ ਉਹ ਉਨ੍ਹਾਂ ਦੀ ਅਤੇ ਕਾਂਗਰਸ ਦੀ ਹਾਲਤ ਨੂੰ ਬਿਨਾਂ ਨੁਕਤਾਚੀਨੀ ਸਪੱਸ਼ਟ ਕਰ ਦਿੰਦਾ ਹੈ, "ਮੈਂ ਜ਼ਿੰਦਗੀ ਭਰ ਭਾਰਤ ਦੀ ਏਕਤਾ ਲਈ ਯਤਨ ਕਰਦਾ ਰਿਹਾ ਹਾਂ। ਤੁਹਾਨੂੰ ਸਭ ਨੂੰ ਇਸ ਮਤੇ ਨਾਲ ਜਿਹੜਾ ਦੁੱਖ ਹੋਇਆ ਹੈ ਮੈਨੂੰ ਉਸ ਤੋਂ ਘੱਟ ਨਹੀਂ ਹੋਇਆ ਪਰੰਤੂ ਮੇਰੇ ਮਨ ਵਿਚ ਇਹ ਗੱਲ ਬੈਠ ਗਈ ਹੈ ਕਿ ਇਸ ਮਤੇ ਨੂੰ ਪ੍ਰਵਾਨ ਕਰਨਾ ਹੀ ਪਏਗਾ— ਦੂਜਾ ਹੋਰ ਕੋਈ ਰਾਹ ਨਹੀਂ। ਪਿਛਲੇ ਨੌਂ ਮਹੀਨਿਆਂ ਤੋਂ ਅਸੀਂ ਦੇਸ਼ ਦਾ ਰਾਜ-ਭਾਗ ਚਲਾ ਰਹੇ ਹਾਂ। ਏਸ ਅਰਸੇ ਵਿਚ ਮੈਨੂੰ ਅਤਿਅੰਤ ਦੁੱਖਾਂ ਦਾ ਅਨੁਭਵ ਹੋਇਆ ਹੈ। ਮੈਂ ਅਨੁਭਵ ਕੀਤਾ ਹੈ ਕਿ ਜੇਕਰ ਅਸੀਂ ਇਹ ਮਤਾ ਪ੍ਰਵਾਨ ਨਹੀਂ ਕਰਾਂਗੇ ਅਤੇ ਪਿਛਲੇ ਨੌਂ ਮਹੀਨਿਆਂ ਵਿਚ ਦੇਸ਼ ਦਾ ਰਾਜ-ਭਾਗ ਜਿਸ ਤਰ੍ਹਾਂ ਚਲਿਆ ਹੈ ਅਤੇ ਅੰਗਰੇਜ਼ੀ ਹਕੂਮਤ ਨੇ ਜਿਸ ਤਰ੍ਹਾਂ ਉਹਨੂੰ ਚਲਣ ਦਿਤਾ ਹੈ ਅਜਿਹਾ ਹੀ ਜੇਕਰ ਹੋਰ ਸਮੇਂ ਤਕ ਚਲਦਾ ਰਿਹਾ ਤਾਂ ਮੈਨੂੰ ਜ਼ਰੂਰ ਡਰ ਹੈ ਕਿ ਸਮੁੱਚਾ ਭਾਰਤ ਪਾਕਿਸਤਾਨ ਬਣ ਜਾਏਗਾ। ਇਸ ਲਈ ਜੇਕਰ ਸਾਰੇ ਭਾਰਤ ਨੂੰ ਪਕਿਸਤਾਨ ਬਣਨ ਤੋਂ ਬਚਾਉਣਾ ਹੋਵੇ ਤਾਂ ਇਸ ਮਤੇ ਨੂੰ ਪ੍ਰਵਾਨ ਕਰਕੇ ਦੇਸ਼ ਦੀ ਵੰਡ ਦਾ ਖ਼ਤਰਾ ਚੁਕ ਕੇ ਵੀ ਅੰਗਰੇਜ਼ੀ ਸਰਕਾਰ ਨੂੰ ਭਾਰਤ ਤੋਂ ਹਟਾਉਣ ਵਿਚ ਸਿਆਣਪ ਹੋਏਗੀ। ਇਸੇ ਵਿਚ ਦੇਸ਼ ਦਾ ਸੁੱਖ ਸਮੋਇਆ ਹੈ। ਇਸੇ ਨਜ਼ਰ ਨਾਲ ਮੈਂ ਦੁੱਖ ਤੇ ਪੀੜ ਨਾਲ ਵਿਰੋਧ ਕਰਨ ਵਾਲੇ ਮਿੱਤਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਕੌੜੇ ਘੁੱਟ ਨੂੰ ਪੀ ਜਾਣ।"

ਗਾਂਧੀ ਜੀ ਦਾ ਵਿਰੋਧ ਰਹਿਣ ਤੇ ਵੀ, ਆਜ਼ਾਦੀ ਦੀ ਖ਼ਾਤਰ, ਇਹ ਕੌੜਾ ਘੁੱਟ ਪੀਣਾ ਹੀ ਪਿਆ।

ਮੁਕਤੀ ਦਿਵਸ ਮੁਸਕਰਾਇਆ

ਭਾਰਤ ਸੁਤੰਤਰ ਹੋ ਗਿਆ। ਹਾਲੀ ਕਰੋੜ ਲੋਕ ਵਿਦੇਸ਼ੀ ਬੰਧਨ ਤੋੜ ਕੇ ਮੁਕਤ ਹੋ ਗਏ। **15** ਅਗਸਤ, **1947** ਨੂੰ ਦੋ ਸੁਤੰਤਰ ਰਾਸ਼ਟਰਾਂ, ਭਾਰਤ ਅਤੇ ਪਾਕਿਸਤਾਨ ਦਾ ਜਨਮ ਹੋਇਆ। ਭਾਵੇਂ ਅਰਾਜਕਤਾ ਦਾ ਸਾਇਆ ਅਜੇ ਦੂਰ ਨਹੀਂ ਹੋਇਆ ਸੀ, ਥਾਂ-ਥਾਂ ਤੇ ਫ਼ਿਰਕਾ-ਪ੍ਰਸਤੀ ਦੀਆਂ ਚੰਗਿਆੜੀਆਂ ਭੜਕ ਰਹੀਆਂ ਸਨ ਤਾਂ ਵੀ ਦੇਸ਼ ਨੇ ਖੁਸ਼ ਹੋ ਕੇ ਸੁਤੰਤਰਤਾ ਦਾ ਸੁਆਗਤ ਕੀਤਾ।

ਕੁਰਬਾਨੀ ਅਤੇ ਬਲੀਦਾਨਾਂ ਦੀ ਬੀਤੀ ਰਾਤ ਹਨੇਰੀ,
ਬੁਝ ਗਏ ਦੀਵੇ ਕੋਲ ਸੜੇ ਪਰਵਾਨਿਆਂ ਦੀ ਹੈ ਢੇਰੀ,
ਅਮਰ ਸ਼ਹੀਦਾਂ ਦੀਆਂ ਯਾਦਾਂ ਵਿਚ, ਦਿਲ ਹੈ ਅਜ ਭਰ ਆਇਆ,
ਦੋ ਸਦੀਆਂ ਦੀ ਰਾਤ ਬੀਤੀ, ਤੇ ਮੁਕਤੀ ਦਿਵਸ ਮੁਸਕਾਇਆ।

(ਚਿਰੰਜੀਤ)

ਥਾਂ-ਥਾਂ ਤੇ ਸਜਾਵਟਾਂ ਹੋਈਆਂ, ਮਠਿਆਈਆਂ ਵੰਡੀਆਂ ਗਈਆਂ, ਗਰੀਬਾਂ ਨੂੰ ਭੋਜਨ ਛਕਾਇਆ ਗਿਆ। ਸ਼ਹਿਰ ਬਿਜਲੀ ਦੇ ਬੱਲਬਾਂ ਨਾਲ, ਪਿੰਡ ਤੇਲ ਦੇ ਦੀਵਿਆਂ ਨਾਲ ਜਗਮਗਾ ਪਏ। 'ਮਹਾਤਮਾ ਗਾਂਧੀ ਦੀ ਜੈ' ਤਾਂ ਕਣ-ਕਣ ਵਿਚ ਗੂੰਜ ਰਹੀ ਸੀ ਅਤੇ ਭਾਰਤ ਦਾ ਤਿਰੰਗਾ ਕੌਮੀ ਝੰਡਾ ਅਸਮਾਨ ਵਿਚ ਉੱਚਾ, ਹੋਰ ਉੱਚਾ ਲਹਿਰਾ ਰਿਹਾ ਸੀ।

ਅੰਗਰੇਜ਼ੀ ਹਕੂਮਤ ਖ਼ਤਮ ਹੋ ਗਈ ਸੀ ਪਰ ਸੁਤੰਤਰ ਭਾਰਤ ਦੀ ਪਹਿਲੀ ਕੌਮੀ ਸਰਕਾਰ ਨੇ ਆਖ਼ਰੀ ਵਾਇਸਰਾਏ ਲਾਰਡ ਮਾਊਂਟਬੈਟਨ ਨੂੰ ਹੀ ਆਪਣਾ ਪਹਿਲਾ ਗਵਰਨਰ ਜਨਰਲ ਬਣਾਇਆ। ਸਰਦਾਰ ਨੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਛਾਣ ਲਿਆ ਸੀ। ਉਹ ਉਨ੍ਹਾਂ ਦੇ ਮਿੱਤਰ ਬਣ ਗਏ ਸਨ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਸ੍ਰੀ ਜਵਾਹਰ ਲਾਲ ਨਹਿਰੂ ਅਤੇ ਉਪ-ਪ੍ਰਧਾਨ ਮੰਤਰੀ ਸਾਡੇ ਸਰਦਾਰ ਬਣੇ। ਗ੍ਰਹਿ ਵਿਭਾਗ ਤੋਂ ਇਲਾਵਾ ਦੇਸੀ ਰਾਜਾਂ ਨਾਲ ਸੰਬੰਧਤ ਵਿਭਾਗ ਵੀ ਉਨ੍ਹਾਂ ਨੂੰ ਸੌਂਪੇ ਗਏ। ਅੰਗਰੇਜ਼ੀ ਸਰਕਾਰ ਨੇ ਭਾਰਤ ਨੂੰ ਆਜ਼ਾਦ ਕਰਦੇ ਸਮੇਂ ਦੇਸ਼ ਦੇ ਲਗਪਗ ਛੇ ਸੌ ਰਜਵਾੜਿਆਂ ਨੂੰ ਵੀ ਆਜ਼ਾਦ ਕਰਨ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਨੂੰ ਹੱਕ ਸੀ ਕਿ ਉਹ ਕਿਸੇ ਦੇਸ਼, ਭਾਰਤ ਜਾਂ ਪਾਕਿਸਤਾਨ, ਵਿਚ ਸ਼ਾਮਲ ਹੋ ਸਕਦੇ ਹਨ। ਬਹੁਤ ਸਾਰੇ ਰਾਜੇ ਇਹ ਵੀ ਸੋਚਣ ਲਗੇ ਸਨ ਕਿ

ਉਹ ਪੂਰੀ ਰਾਜ-ਸੱਤਾ ਨਾਲ ਵੱਖਰੇ ਰਾਜ ਦੇ ਰੂਪ ਵਿਚ ਆਜ਼ਾਦ ਵੀ ਰਹਿ ਸਕਦੇ ਸਨ। ਸ੍ਰੀ ਜਿਨਾਹ ਨੇ ਸਪੱਸ਼ਟ ਕਿਹਾ ਸੀ, "ਕੈਬਨਟ ਮਿਸ਼ਨ ਦੇ ਰਿਆਸਤਾਂ ਸੰਬੰਧੀ ਐਲਾਨ ਵਿਚ ਕਿਤੇ ਇਹ ਮੱਤ ਪ੍ਰਗਟ ਨਹੀਂ ਕੀਤਾ ਗਿਆ ਕਿ ਉਹ ਦੋਵਾਂ ਸੰਵਿਧਾਨ ਸਭਾਵਾਂ ਵਿਚੋਂ ਕਿਸੇ ਇਕ ਵਿਚ ਸ਼ਾਮਲ ਹੋਣ ਤੋਂ ਇਲਾਵਾ ਦੂਜਾ ਰਾਹ ਹੀ ਨਾ ਚੁਣਨ। ਰਿਆਸਤਾਂ ਆਪਣੀ ਇੱਛਾ ਅਨੁਸਾਰ ਪੂਰਨ ਸੁਤੰਤਰ ਰਹਿ ਸਕਦੀਆਂ ਹਨ।"

ਇਹਦਾ ਅਰਥ ਸੀ ਦੇਸ਼ ਦਾ ਸੈਂਕੜੇ ਟੁਕੜਿਆਂ ਵਿਚ ਵੰਡਿਆ ਜਾਣਾ ਅਤੇ ਭਾਰਤ ਦੀ ਇਕ ਵੱਡੀ ਜਨਸੰਖਿਆ ਦਾ ਪਹਿਲਾਂ ਨਾਲੋਂ ਵੀ ਵੱਧ ਰਾਜਿਆਂ ਦੀ ਹਕੂਮਤ ਹੇਠ ਰਹਿਣਾ। ਅਜਿਹੀ ਹਾਲਤ ਵਿਚ ਉਨ੍ਹਾਂ ਨੂੰ ਮਹੱਤਵ ਦੇ ਕੇ ਕੰਟਰੋਲ ਵਿਚ ਕਰਕੇ ਉਨ੍ਹਾਂ ਸਭ ਨੂੰ ਭਾਰਤੀ ਸੰਘ ਵਿਚ ਸ਼ਾਮਲ ਕਰਨ ਦਾ ਕੰਮ ਕਿੰਨਾਂ ਮੁਸ਼ਕਲ ਸੀ ਇਹ ਸੋਚਿਆ ਵੀ ਨਹੀਂ ਜਾ ਸਕਦਾ। ਇਹ ਕਠਿਨ ਕੰਮ ਸਾਡੇ ਸਰਦਾਰ ਨੇ ਕਰਨਾ ਸੀ।

ਇਸ ਵਕਤ ਏਸ ਵਿਭਾਗ ਦੇ ਸਕੱਤਰ ਸਨ ਸ੍ਰੀ ਮੈਨਨ। ਉਨ੍ਹਾਂ ਦੀ ਮਦਦ ਨਾਲ ਸਰਦਾਰ ਸਾਹਿਬ ਨੇ ਇਕ ਯੋਜਨਾ ਤਿਆਰ ਕੀਤੀ। ਉਨ੍ਹਾਂ ਨੇ ਰਾਜਿਆਂ ਨੂੰ ਲਿਖਿਆ ਕਿ "ਸਾਡਾ ਸਭ ਦਾ ਹਿਤ ਇਕ ਹੈ। ਅਸੀਂ ਸਭ ਇਕ ਗੌਰਵਪੂਰਣ ਵਿਰਾਸਤ ਦੇ ਹੱਕਦਾਰ ਹਾਂ। ਅਸੀਂ ਸਭ ਇਕ ਖ਼ੂਨ ਅਤੇ ਨਿੱਘੀਆਂ ਭਾਵਨਾਵਾਂ ਦੇ ਬੰਧਨ ਨਾਲ ਆਪਸ ਵਿਚ ਜੁੜੇ ਹੋਏ ਹਾਂ।......ਅਤੇ ਕਾਂਗਰਸ ਉਨ੍ਹਾਂ ਦੀ ਵੈਰੀ ਨਹੀਂ, ਇਸ ਲਈ ਮੈਨੂੰ ਆਸ ਹੈ ਕਿ ਭਾਰਤ ਦੇ ਦੇਸੀ ਰਾਜ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਣਗੇ ਕਿ ਆਪਸੀ ਕਲਿਆਣ ਲਈ ਅਸੀਂ ਸਹਿਯੋਗ ਦੀ ਭਾਵਨਾ ਨਾਲ ਕੰਮ ਨਹੀਂ ਕਰਾਂਗੇ ਤਾਂ ਦੇਸ਼ ਵਿਚ ਅਰਾਜਕਤਾ ਫੈਲ ਜਾਏਗੀ ਅਤੇ ਉਸਦੇ ਸਿੱਟੇ ਵਜੋਂ ਸਾਡਾ ਸਭ ਦਾ ਨਾਸ਼ ਹੋ ਜਾਏਗਾ।"

ਇਸ ਗੱਲ-ਬਾਤ ਨਾਲ ਰਾਜਿਆਂ ਦੇ ਮਨ ਦਾ ਡਰ ਦੂਰ ਹੋ ਗਿਆ। ਸਰਦਾਰ ਦੀ ਇਹ ਗੱਲ ਉਨ੍ਹਾਂ ਨੂੰ ਪਸੰਦ ਆਈ, "ਸਾਨੂੰ ਬਦੇਸ਼ੀ ਅਤੇ ਬਦੇਸ਼ਾਂ ਵਿਚ ਹੋਣ ਵਾਲ ਕੌਲ-ਕਰਾਰ ਅਤੇ ਸੰਧੀ-ਪੱਤਰ ਲਿਖਣ ਦੀ ਜ਼ਰੂਰਤ ਨਹੀਂ। ਸਾਨੂੰ ਤਾਂ ਭਰਾ-ਭਰਾ, ਆਪਣੇ ਸਮੁੱਚੇ ਹਿੱਤ ਦਾ ਵਿਚਾਰ ਕਰਨ ਲਈ ਇਕੱਠੇ ਬੈਠਕੇ ਜਿਵੇਂ ਗੱਲ-ਬਾਤ ਕਰਦੇ ਹਨ ਅਤੇ ਦੋਵਾਂ ਦੇ ਮਨਾਂ ਨੂੰ ਸੰਤੁਸ਼ਟ ਕਰਨ ਵਾਲੇ ਫੈਸਲਿਆਂ ਤੇ ਪਹੁੰਚਦੇ ਹਨ, ਉਹੋ ਜਿਹੀ ਗੱਲ-ਬਾਤ ਅਤੇ ਫੈਸਲੇ ਲਈ ਇਕੱਤਰ ਹੋਣਾ ਹੈ।"

ਇਸ ਪ੍ਰਕਾਰ ਦੋਵਾਂ ਧਿਰਾਂ ਵਿਚ ਗੱਲ-ਬਾਤ ਸ਼ੁਰੂ ਹੋਈ। ਉਹ ਮੁੜ-ਮੁੜ ਮਿਲੇ। ਕਿਹੋ-ਕਿਹੋ ਜਿਹੀਆਂ ਅੜਿਚਨਾਂ ਆਈਆਂ। ਟ੍ਰਾਵਣਕੋਰ ਦੇ ਦੀਵਾਨ ਸਰ ਸੀ. ਪੀ. **ਰਾਮਾਸਵਾਮੀ ਆਈਅਰ** ਆਕੜ ਗਏ। ਉਨ੍ਹਾਂ ਨੇ ਅਤੇ ਹੈਦਰਾਬਾਦ ਦੇ ਨਿਜ਼ਾਮ ਨੇ

ਐਲਾਨ ਕੀਤਾ ਕਿ ਉਹ ਸੁਤੰਤਰ ਰਹਿਣਗੇ । ਭੂਪਾਲ ਦੇ ਨਵਾਬ ਵੀ ਗੰਦੀਆਂ ਮੰਦੀਆਂ ਚਾਲਾਂ ਚਲ ਰਹੇ ਸਨ । ਜੋਧਪੁਰ ਅਤੇ ਜੈਸਲਮੇਰ ਨੂੰ ਮਿ. ਜਿਨਾਹ ਆਪਣੇ ਪਾਸੇ ਮਿਲਾਉਣ ਲਈ ਮਨਾ ਰਹੇ ਸਨ ਪਰੰਤੂ ਅੰਤ ਵਿਚ, ਕਿਤੇ ਤਾਂ ਜਨਤਾ ਦੀ ਬਗ਼ਾਵਤ ਕਰਕੇ ਜਿਵੇਂ ਟ੍ਰਾਵਣਕੋਰ ਵਿਚ, ਕਿਤੇ ਭਵਿਖ ਦੇ ਡਰ ਤੋਂ ਹੈਦਰਾਬਾਦ ਦੇ ਨਿਜ਼ਾਮ, ਜੂਨਾਗੜ੍ਹ ਅਤੇ ਉਹਦੇ ਹੇਠ ਦੋ ਛੋਟੇ ਮੁਸਲਮ ਰਾਜਾਂ ਮਾਗਰੋਲ ਅਤੇ ਮਾਣਾਵਦਰ ਨੂੰ ਛੱਡ ਕੇ ਸਭ ਵੱਡੇ ਰਜਵਾੜਿਆਂ ਨੇ ਤਿੰਨ ਵਿਸ਼ਿਆ ਵਿਚ ਭਾਰਤੀ ਸੰਘ ਦੇ ਨਾਲ ਜੁੜਨ ਦਾ ਫੈਸਲਾ ਕੀਤਾ । ਇਹ ਤਿੰਨ ਵਿਸ਼ੇ ਸਨ—1 ਰਾਸ਼ਟਰੀ ਸੁਰੱਖਿਆ, 2. ਬਦੇਸ਼ਾਂ ਨਾਲ ਸੰਬੰਧ ਅਤੇ 3. ਆਪਸੀ ਅੰਦਰੂਨੀ ਸੰਬੰਧ ਅਰਥਾਤ ਡਾਕ-ਤਾਰ ਅਤੇ ਰੇਲ ਸੰਬੰਧ ।

ਜਿਹੜੇ ਛੋਟੇ-ਛੋਟੇ ਰਾਜ ਅਤੇ ਤਾਲੁਕੇਦਾਰ ਸਨ ਉਨ੍ਹਾਂ ਨਾਲ ਇਹ ਕਰਾਰ ਹੋਇਆ ਕਿ ਉਹ ਉਸੇ ਹਾਲਤ ਵਿਚ ਰਹਿਣਗੇ ਜਿਸ ਵਿਚ ਉਹ ਆਜ਼ਾਦੀ ਤੋਂ ਪਹਿਲਾਂ ਸਨ । ਭਾਵ ਭਾਰਤੀ ਸੰਘ ਨਾਲ ਉਨ੍ਹਾਂ ਦੇ ਉਹੀ ਸੰਬੰਧ ਹੋਣਗੇ ਜਿਹੜੇ ਅੰਗਰੇਜ਼ੀ ਸਰਕਾਰ ਦੇ ਪੋਲਿਟੀਕਲ ਡਿਪਾਰਟਮੈਂਟ ਦੇ ਨਾਲ ਸਨ ।

ਸਰਦਾਰ ਪਟੇਲ ਨੇ ਏਕੀਕਰਣ ਦੇ ਕਰਾਰ ਅਜਿਹੀ ਪਰਉਪਕਾਰਤਾ ਅਤੇ ਪਿਆਰ ਦੇ ਅਸਰ ਹੇਠ ਤਿਆਰ ਕੀਤੇ ਕਿ ਸਭ ਰਾਜਿਆਂ ਨੇ ਬਿਨਾਂ ਕਿਸੇ ਸੰਕੋਚ ਦੇ ਉਨ੍ਹਾਂ ਉਤੇ ਦਸਖਤ ਕਰ ਦਿਤੇ ।

ਜੂਨਾਗੜ੍ਹ ਕਿਸੇ ਪਖੋਂ ਵੀ ਪਾਕਿਸਤਾਨ ਨਾਲ ਜੁੜਨ ਦੀ ਹਾਲਤ ਵਿਚ ਨਹੀਂ ਸੀ । ਉਹਦੀ 80 ਫ਼ੀ ਸਦੀ ਜਨਤਾ ਹਿੰਦੂ ਸੀ । ਉਥੇ ਹਿੰਦੂਆਂ ਅਤੇ ਜੈਨੀਆਂ ਦੇ ਅਨੇਕਾਂ ਧਾਰਮਕ ਸਥਾਨ ਸਨ, ਉਹਦੀ ਹੱਦ ਕਿਤੇ ਵੀ ਪਾਕਿਸਤਾਨ ਨਾਲ ਨਹੀਂ ਮਿਲਦੀ ਸੀ । ਇਸ ਲਈ ਨਵਾਬ ਦੀ ਜ਼ਿੱਦ ਨਾਲ ਪਰਜਾ ਵਿਚ ਬੜੀ ਬੇਚੈਨੀ ਪੈਦਾ ਹੋ ਗਈ । ਉਹਨੇ ਬਗ਼ਾਵਤ ਕਰ ਦਿਤੀ । ਇਕ ਅੰਦਰੂਨੀ ਸਰਕਾਰ ਵੀ ਉਹਨੇ ਬਣਾਈ । ਇਹ ਦੇਖ ਕੇ ਨਵਾਬ ਆਪਣੇ ਹੀਰੇ-ਜਵਾਹਰਾਤ ਅਤੇ ਕੁਝ ਕੁੱਤੇ ਲੈ ਕੇ ਪਾਕਿਸਤਾਨ ਭੱਜ ਗਿਆ ।

ਹੁਣ ਅੰਦਰੂਨੀ ਸਰਕਾਰ ਦਾ ਹੌਂਸਲਾ ਹੋਰ ਵੀ ਵੱਧ ਗਿਆ । ਉਹਨੇ ਰਾਜ ਦੀ ਫੌਜ ਨਾਲ ਲੋਹਾ ਲਿਆ । ਕੁਝ ਲੋਕ ਮਾਰੇ ਗਏ । ਰਾਜ ਵਿਚ ਅਸੁਰੱਖਿਆ ਦੀ ਭਾਵਨਾ ਫੈਲ ਗਈ । ਦੀਵਾਨ ਸ਼ਾਹਨਵਾਜ਼ ਭੁਟੋ ਘਬਰਾ ਗਏ । ਉਨ੍ਹਾਂ ਨੇ ਸ੍ਰੀ ਜਿਨਾਹ ਨੂੰ ਲਿਖਿਆ । ਉਨ੍ਹਾਂ ਨੇ ਨਵਾਬ ਨਾਲ ਗੱਲਾਂ ਕੀਤੀਆਂ । ਨਵਾਬ ਨੇ ਦੀਵਾਨ ਸਾਹਿਬ ਨੂੰ ਲਿਖਿਆ । ਸਿੱਟਾ ਇਹ ਹੋਇਆ ਕਿ ਪਾਕਿਸਤਾਨ ਦੇ ਵਿਰੋਧ ਕਰਨ ਤੇ ਵੀ ਅੰਤ ਵਿਚ ਜੂਨਾਗੜ੍ਹ ਭਾਰਤ ਸੰਘ ਵਿਚ ਸ਼ਾਮਲ ਹੋ ਗਿਆ ।

ਸਰਦਾਰ ਨਵੰਬਰ, 1947 ਵਿਚ ਜੂਨਾਗੜ੍ਹ ਗਏ। ਉਹ ਪ੍ਰਭਾਸਪਾਟਣ ਵੀ ਗਏ। ਸੋਮਨਾਥ ਦਾ ਪ੍ਰਸਿਧ ਮੰਦਰ ਇਥੇ ਹੀ ਹੈ। ਉਹ ਖੰਡਰ ਬਣ ਗਿਆ ਸੀ। ਸਰਦਾਰ ਨੇ ਉਹਦੀ ਥਾਂ ਤੇ ਨਵਾਂ ਮੰਦਰ ਉਸਰਵਾ ਕੇ ਮਹਾਦੇਵ ਦੀ ਪੂਰੀ ਇੱਜ਼ਤ ਮਾਣ ਕਰਾਉਣ ਦਾ ਪ੍ਰਣ ਕੀਤਾ। ਇਸ ਪ੍ਰਣ ਦਾ ਦੇਸ਼ ਦੀ ਜਨਤਾ ਤੇ ਡੂੰਘਾ ਪ੍ਰਭਾਵ ਪਿਆ।

ਸਰਦਾਰ ਸਾਹਿਬ ਨੇ ਉਨ੍ਹਾਂ ਲੋਕਾਂ ਦੇ ਨਾਲ ਜਿਥੇ ਬੜੀ ਉਦਾਰਤਾ ਦਾ ਸਲੂਕ ਕੀਤਾ ਉਥੇ ਕੁਝ ਲੁਕਾਇਆ ਵੀ ਨਹੀਂ। ਸਪੱਸ਼ਟ ਸ਼ਬਦਾਂ ਵਿਚ (11 ਅਗਸਤ, 1947) ਕਹਿ ਦਿਤਾ, ''ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ 15 ਤਰੀਖ ਨੂੰ ਜਿਹੜਾ ਭਾਰਤੀ ਸੰਘ ਵਿਚ ਆ ਗਿਆ ਉਹ ਆ ਗਿਆ ਮਗਰੋਂ ਦੂਜੀ ਤਰ੍ਹਾਂ ਹਿਸਾਬ ਹੋਏਗਾ। ਅੱਜ ਜਿਹੜੀਆਂ ਸ਼ਰਤਾਂ ਮਿਲਦੀਆਂ ਹਨ ਉਹ ਮੁੜ ਨਹੀਂ ਮਿਲਣਗੀਆਂ। ਇਸ ਲਈ ਰਾਜ ਸੰਭਾਲਣਾ ਹੋਏ ਤਾਂ ਅੰਦਰ ਆ ਜਾਓ। ਅਜ ਦੇ ਸੰਸਾਰ ਵਿਚ ਇਕੱਲਾ ਰਹਿਣਾ ਮੁਸ਼ਕਲ ਹੈ। ਜਦੋਂ ਤੇਜ਼ ਹਨੇਰੀ ਆਉਂਦੀ ਹੈ ਤਾਂ ਇਕੱਲਾ ਦਰੱਖਤ ਡਿਗ ਜਾਂਦਾ ਹੈ। ਪਰੰਤੂ ਜਿਹੜਾ ਦੂਜੇ ਦਰੱਖਤਾਂ ਦੇ ਸਮੂਹ ਵਿਚ ਹੁੰਦਾ ਹੈ ਉਹ ਬਚ ਜਾਂਦਾ ਹੈ......''

''ਇਸ ਸਮੇਂ ਹਿੰਦੁਸਤਾਨ ਨੂੰ ਇਕ ਕਰਨ ਦਾ ਮੌਕਾ ਹੈ। ਅੱਜ ਲਾਹੌਰ ਤੋਂ ਲੈ ਕੇ ਪੂਰਬੀ ਬੰਗਾਲ ਦਾ ਥੋੜ੍ਹਾ ਹਿੱਸਾ ਛੱਡ ਕੇ ਬਾਕੀ ਦੇ ਹਿੰਦੁਸਤਾਨ ਨੂੰ ਇਕ ਕਰਨ ਦਾ ਮੌਕਾ ਇਕ ਹਜ਼ਾਰ ਵਰ੍ਹੇ ਮਗਰੋਂ ਆਇਆ ਹੈ।''

ਵਿਸ਼ਾਲ ਭਾਰਤ ਦੇ ਉਸੱਰਈਏ

ਸੁਤੰਤਰ ਭਾਰਤ ਦੇ ਸਾਹਮਣੇ ਸਮੱਸਿਆਵਾਂ ਦਾ ਢੇਰ ਸੀ। ਲੱਖਾਂ ਵਿਅੱਕਤੀ ਬੇਘਰ ਹੋ ਕੇ ਪਾਕਿਸਤਾਨ ਤੋਂ ਆ ਰਹੇ ਸਨ। ਉਨ੍ਹਾਂ ਨੂੰ ਵਸਾਉਣਾ ਸੀ। ਫ਼ਿਰਕੂ ਫਸਾਦਾਂ ਨੂੰ ਸ਼ਾਂਤ ਕਰਨਾ ਸੀ। ਕਸ਼ਮੀਰ ਤੇ ਪਾਕਿਸਤਾਨ ਨੇ ਹਮਲਾ ਕਰ ਦਿਤਾ ਸੀ। ਹੈਦਰਾਬਾਦ ਅਜੇ ਸੰਘ ਤੋਂ ਬਾਹਰ ਸੀ। ਹੋਰ ਵੀ ਝੰਝਟ ਸਨ ਪਰੰਤੂ ਭਾਰਤ ਦੇ ਨੇਤਾ ਘਬਰਾਏ ਨਹੀਂ। ਉਨ੍ਹਾਂ ਨੇ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ ਅਤੇ ਉਨ੍ਹਾਂ ਨੂੰ ਸੁਲਝਾਇਆ।

ਉੜੀਸਾ ਅਤੇ ਮੱਧ-ਭਾਰਤ ਵਿਚ ਬਹੁਤ ਸਾਰੇ ਛੋਟੇ-ਛੋਟੇ ਰਜਵਾੜੇ ਸਨ। ਉੜੀਸਾ ਦੇ ਇਕ ਰਜਵਾੜੇ ਦਾ ਖੇਤਰਫਲ ਤਾਂ ਸਿਰਫ਼ 46 ਵਰਗ ਮੀਲ ਸੀ। ਏਨੇ ਛੋਟੇ ਰਜਵਾੜਿਆਂ ਦੀ ਸੁਤੰਤਰਤਾ ਦਾ ਕੀ ਅਰਥ ਹੋ ਸਕਦਾ ਸੀ। ਉਨ੍ਹਾਂ ਦੀ ਪਰਜਾ ਵੀ ਜਾਗ ਪਈ ਸੀ। ਉਹ ਹੱਕ ਮੰਗਦੀ ਸੀ। ਝਗੜੇ ਹੁੰਦੇ ਸਨ।

ਉੜੀਸਾ ਨਾਲ ਹੈਦਰਾਬਾਦ ਦੀ ਹੱਦ ਲਗਦੀ ਸੀ। ਉਹਨੇ ਅੰਗਰੇਜ਼ ਪੋਲਿਟੀਕਲ ਏਜੰਟ ਦੀ ਗੰਢ-ਸੰਢ ਨਾਲ ਇਨ੍ਹਾਂ ਛੋਟੇ-ਛੋਟੇ ਰਜਵਾੜਿਆਂ ਨੂੰ ਹੜੱਪਣ ਦੀ ਇਕ ਵਿਉਂਤ ਬਣਾਈ। ਬਸਤਰ ਵਿਚ ਲੋਹੇ ਦੀਆਂ ਪਰਤਾਂ ਸਨ। ਉਨ੍ਹਾਂ ਨੂੰ ਹੀ ਪੱਟੇ ਤੇ ਲੈਣ ਦਾ ਉਹਨੇ ਫੈਸਲਾ ਕੀਤਾ। ਸਰਦਾਰ ਸਾਹਿਬ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਇਸ ਗੱਲ ਦਾ ਸਖ਼ਤ ਵਿਰੋਧ ਕੀਤਾ। ਅਤੇ ਉਥੋਂ ਦੇ ਨੌਜੁਆਨ ਰਾਜੇ ਨੂੰ ਬੁਲਾ ਕੇ ਸਾਵਧਾਨ ਕਰ ਦਿਤਾ।

ਪਰੰਤੂ ਇਹੀ ਇਕ ਸਮੱਸਿਆ ਤਾਂ ਨਹੀਂ ਸੀ। ਹਰ ਸਮੇਂ ਕੋਈ ਨਾ ਕੋਈ ਉਲਝਣ ਸਾਹਮਣੇ ਆਉਂਦੀ ਹੀ ਰਹਿੰਦੀ ਸੀ। ਇਸ ਲਈ ਸਰਦਾਰ ਸਾਹਿਬ ਇਸ ਸੁਆਲ ਤੇ ਬੜੀ ਗੰਭੀਰਤਾ ਨਾਲ ਸੋਚ ਰਹੇ ਸਨ। ਅੰਤ ਵਿਚ ਉਨ੍ਹਾਂ ਨੇ ਫੈਸਲਾ ਕੀਤਾ ਕਿ ਉੜੀਸਾ ਦੇ ਰਜਵਾੜਿਆਂ ਨੂੰ ਉੜੀਸਾ ਪ੍ਰਾਂਤ ਵਿਚ ਅਤੇ ਮੱਧ-ਭਾਰਤ ਦੇ ਛੱਤੀਸਗੜ੍ਹ ਦੇ ਰਜਵਾੜਿਆਂ ਨੂੰ ਮੱਧ-ਭਾਰਤ ਵਿਚ ਮਿਲਾ ਦਿਤਾ ਜਾਏ।

ਉਥੇ ਦੀ ਪਰਜਾ ਤਾਂ ਚਾਹੁੰਦੀ ਹੀ ਸੀ ਕਿ ਉਹ ਵੀ ਅੰਗਰੇਜ਼ੀ ਭਾਰਤ ਦੀ ਤਰ੍ਹਾਂ ਸੁਤੰਤਰ ਹੋਵੇ। ਰਾਜੇ ਵੀ ਸਮਝ ਰਹੇ ਸਨ। ਸਰਦਾਰ ਸਾਹਿਬ ਨੇ ਉਨ੍ਹਾਂ ਨਾਲ ਗੱਲ ਕਰਦੇ ਸਮੇਂ ਉਨ੍ਹਾਂ ਦੇ ਸਾਲਾਨਾ ਖਰਚ ਅਤੇ ਉਨ੍ਹਾਂ ਦੀ ਨਿੱਜੀ ਜਾਇਦਾਦ ਦੇ ਸੁਆਲ ਤੇ ਵੀ ਵਿਚਾਰ ਕੀਤਾ। ਫੈਸਲਾ ਕੀਤਾ ਕਿ ਜਿਨ੍ਹਾਂ ਦੀ ਆਮਦਨ ਇਕ ਲੱਖ ਹੈ ਉਨ੍ਹਾਂ

ਨੂੰ 15 ਫ਼ੀ ਸਦੀ, ਚਾਰ ਲੱਖ ਦੀ ਆਮਦਨ ਵਾਲਿਆਂ ਨੂੰ 10 ਫ਼ੀ ਸਦੀ, ਪੰਜ ਲੱਖ ਤੋਂ ਦੱਸ ਲੱਖ ਵਾਲਿਆਂ ਨੂੰ ਸਾਢੇ ਸੱਤ ਫ਼ੀ ਸਦੀ ਹਿੱਸਾ ਦਿਤਾ ਜਾਏ। ਉਨ੍ਹਾਂ ਨੂੰ ਕੁਝ ਨਿੱਜੀ ਜਾਇਦਾਦ ਰੱਖਣ ਦਾ ਅਤੇ ਕੁਝ ਹੋਰ ਹੱਕ ਦਿਤੇ ਜਾਣ ਦੀ ਗੱਲ ਵੀ ਕਹੀ ਗਈ। ਇਨ੍ਹਾਂ ਗੱਲਾਂ ਦੇ ਆਧਾਰ ਤੇ ਕਾਨੂੰਨ ਮੰਤਰੀ ਨੇ ਸਮਝੌਤੇ ਦਾ ਇਕ ਮਸੌਦਾ ਤਿਆਰ ਕੀਤਾ।

13 ਦਸੰਬਰ, 1947 ਨੂੰ ਸਰਦਾਰ ਸਾਹਿਬ ਨੇ ਉੜੀਸਾ ਦੇ ਛੋਟੇ ਰਾਜਿਆਂ ਦੀ ਸਭਾ ਬੁਲਾਈ। ਬੜੇ ਪਿਆਰ ਨਾਲ ਉਨ੍ਹਾਂ ਨੂੰ ਸਮਝਾਇਆ ਕਿ ਉਨ੍ਹਾਂ ਕੋਲ ਅਜਿਹੇ ਸਾਧਨ ਨਹੀਂ ਜਿਨ੍ਹਾਂ ਦੇ ਆਧਾਰ ਤੇ ਸੁਤੰਤਰ ਰਾਜ ਟਿਕਦੇ ਹਨ। ਉਨ੍ਹਾਂ ਦਾ ਕਲਿਆਣ ਆਪਣੇ ਆਪ ਨੂੰ ਸਭ ਜ਼ਿੰਮੇਵਾਰੀਆਂ ਤੋਂ ਮੁਕਤ ਕਰਨ ਵਿਚ ਹੀ ਹੈ। ਅਜਿਹਾ ਕਰੋਗੇ ਤਾਂ ਭਾਰਤ ਸਰਕਾਰ ਉਨ੍ਹਾਂ ਦੇ ਹੱਕਾਂ, ਮਾਣ-ਮਰਤਬਾ ਅਤੇ ਉਨ੍ਹਾਂ ਦੇ ਗੌਰਵ ਨੂੰ ਸੁਰੱਖਿਅਤ ਰਖਣ ਦਾ ਬਚਨ ਦਏਗੀ।

ਸਤਾ ਛੱਡਣਾ ਸੌਖਾ ਕੰਮ ਨਹੀਂ (ਮੂੰਹ ਨੂੰ ਖ਼ੂਨ ਲਗਿਆ ਬੁਰਾ ਹੁੰਦਾ ਹੈ) ਪਰ ਸਰਦਾਰ ਸਾਹਿਬ ਵੀ ਠੀਕ ਕਹਿ ਰਹੇ ਸਨ। ਰਾਜਿਆਂ ਨੇ ਮੁੜ-ਮੁੜ ਸੋਚਿਆ ਅਤੇ ਅੰਤ ਵਿਚ ਮਿਊਰਭੰਜ ਨੂੰ ਛੱਡ ਕੇ ਬਾਕੀ ਸਭ ਛੋਟੇ-ਵੱਡੇ ਰਜਵਾੜਿਆਂ ਨੇ ਇਕਮਿਕਤਾ ਦੇ ਕਰਾਰ ਨੂੰ ਪ੍ਰਵਾਨ ਕਰ ਲਿਆ। ਮਿਊਰਭੰਜ ਦੇ ਰਾਜੇ ਦੇ ਵੀ ਹੋਸ਼ ਇਕ ਸਾਲ ਵਿਚ ਹੀ ਟਿਕਾਣੇ ਆ ਗਏ।

ਸਰਦਾਰ ਸਾਹਿਬ ਨੇ ਇਸ ਤਰੀਕੇ ਦਾ ਦਿਲਚਸਪ ਵਰਣਨ ਇਸ ਪ੍ਰਕਾਰ ਕੀਤਾ ਹੈ—

''ਮੈਂ ਹੁਣੇ ਉੜੀਸਾ ਗਿਆ ਸਾਂ। ਉਥੇ ਛੋਟੇ-ਮੋਟੇ 28 ਰਾਜੇ ਸਨ। ਉਨ੍ਹਾਂ ਨੂੰ ਮੈਂ ਸਮਝਾਇਆ, ਇਨ੍ਹਾਂ ਛੋਟੇ-ਛੋਟੇ ਖੂਹਾਂ ਦੇ ਡੱਡੂ ਕਦੋਂ ਤਕ ਬਣੇ ਰਹੋਗੇ। ਕੀ ਤੁਸੀਂ ਸਮਝਦੇ ਹੋ ਕਿ ਤੁਸੀਂ ਰਾਜੇ ਹੋ। ਮੇਰਾ ਜਨਮ ਕਿਸੇ ਰਾਜ ਕੁਟੰਬ ਵਿਚ ਨਹੀਂ ਹੋਇਆ ਪਰੰਤੂ ਅੱਜ ਪੂਰੇ ਦੇਸ਼ ਦੀ ਹਕੂਮਤ ਵਿਚ ਮੇਰਾ ਹਿੱਸਾ ਹੈ। ਤੁਸੀਂ ਵੀ ਅਜਿਹਾ ਕੰਮ ਕਿਉਂ ਨਹੀਂ ਕਰਦੇ ? ਉਹ ਸਭ ਰਾਜੇ ਮੇਰੀ ਗੱਲ ਮੰਨ ਗਏ ਹਨ ਅਤੇ ਹੁਣ ਅਰਾਮ ਦੀ ਨੀਂਦ ਸੌਂਦੇ ਹਨ। ਉਨ੍ਹਾਂ ਦਾ ਬੋਝ ਮੇਰੇ ਤੇ ਆ ਗਿਆ ਹੈ। ਉਥੋਂ ਮੈਂ ਨਾਗਪੁਰ ਆਇਆ। ਇਥੇ ਵੀ 18 ਰਾਜੇ ਸਨ ਜਿਨ੍ਹਾਂ ਨੂੰ ਸਲਾਮੀ ਰਿਆਸਤਾਂ ਕਹਿੰਦੇ ਹਨ। ਮੈਂ ਵੀ ਉਨ੍ਹਾਂ ਨੂੰ ਸਲਾਮ ਕਿਹਾ। ਜਦੋਂ ਮੈਂ ਉਨ੍ਹਾਂ ਨੂੰ ਸਮਝਾਇਆ ਤਾਂ ਉਹ ਵੀ ਸਮਝ ਗਏ ਅਤੇ ਉਨ੍ਹਾਂ ਸਭ ਨੇ ਦਸਖ਼ਤ ਕਰ ਦਿਤੇ।'' ਗਾਂਧੀ ਜੀ ਨੇ ਇਹ ਖ਼ਬਰ ਸੁਣ ਕੇ ਕਿਹਾ, ''ਰਾਜਾਂ ਦੀ ਇਕਮਿਕਤਾ ਬਦਹਜ਼ਮੀ ਦੇ ਸ਼ਿਕਾਰ ਹੋਏ ਬੱਚਿਆਂ ਨੂੰ

ਅਰੰਡੀ ਦਾ ਜੁਲਾਬ ਦੇਣ ਵਾਂਗੂੰ ਹੈ। ਅਜਿਹਾ ਕਰਨ ਨਾਲ ਆਖ਼ਰ ਤਾਂ ਰਾਜਿਆਂ ਦਾ ਹੀ ਹਿੱਤ ਹੋਇਆ ਹੈ।''

ਹੁਣ ਤਾਂ ਇਹ ਦੌਰ ਚਲ ਪਿਆ। ਸੌਰਾਸ਼ਟਰ ਵਿਚ ਦੋ ਸੌ ਤੋਂ ਉਤੇ ਛੋਟੇ ਵੱਡੇ ਰਜਵਾੜੇ ਅਤੇ ਤਾਲੁਕੇ ਸਨ। ਉਥੇ ਵੀ ਸਮੱਸਿਆਵਾਂ ਬਣੀਆਂ। ਪਰਜਾ ਨੇ ਅੰਦੋਲਨ ਕੀਤਾ। ਤਦ ਬਹੁਤ ਸੋਚ-ਵਿਚਾਰ ਕਰਕੇ ਇਹ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਸਭ ਨੂੰ ਮਿਲਾ ਕੇ ਸੰਯੁਕਤ ਸੌਰਾਸ਼ਟਰ ਦਾ ਇਕ ਸੰਘ ਬਣਾਇਆ ਜਾਏ। 15 ਫਰਵਰੀ, 1948 ਨੂੰ ਸਰਦਾਰ ਸਾਹਿਬ ਨੇ ਇਸਦਾ ਉਦਘਾਟਨ ਕੀਤਾ। ਰਾਜ-ਪ੍ਰਮੁੱਖ ਹੋਏ ਜਾਮ ਸਾਹਿਬ ਅਤੇ ਮੁੱਖ-ਮੰਤਰੀ ਬਣੇ ਸ੍ਰੀ ਉਛੰਗਰਾਏ ਢੇਬਰ। ਉਸ ਮੌਕੇ ਤੇ ਜਾਮ ਸਾਹਿਬ ਦਾ ਸੁਆਗਤ ਕਰਦੇ ਹੋਏ ਜਵਾਹਰ ਲਾਲ ਜੀ ਨੇ ਕਿਹਾ ਸੀ, ''ਸੌਰਾਸ਼ਟਰ ਦੀ ਭਾਵੀ ਤਰੱਕੀ ਅਤੇ ਪ੍ਰਗਤੀ ਦੀ ਦਿਸ਼ਾ ਵਿਚ ਇਸ ਜੁੱਗ ਦਾ ਇਹ ਸਰਬੋਤਮ ਕੰਮ ਹੈ।''

ਕੋਲ੍ਹਾਪੁਰ ਰਾਜ ਬੰਬਈ ਸੂਬੇ ਦੇ ਨਾਲ ਮਿਲ ਗਿਆ ਸੀ। ਪਰੰਤੂ ਬੜੌਦਾ ਨੇ ਸੁਤੰਤਰ ਰਹਿਣ ਦੀ ਜਾਨ ਤੋੜ ਕੋਸ਼ਿਸ਼ ਕੀਤੀ। ਪਰ ਅੰਤ ਵਿਚ ਉਥੇ ਵੀ ਉਤਰਦਾਈ ਹਕੂਮਤ ਸਥਾਪਤ ਹੋਈ। ਸ਼ਰਾਰਤ ਕਰਨ ਵਾਲੇ ਮਹਾਰਾਜ ਨੂੰ ਗੱਦੀ ਤੋਂ ਲਾਹ ਕੇ ਉਨ੍ਹਾਂ ਦੇ ਪੁੱਤਰ ਨੂੰ ਬੜੌਦਾ ਦਾ ਰਾਜਾ ਬਣਾਇਆ ਗਿਆ।

ਸਰਦਾਰ ਅਖੰਡ ਭਾਰਤ ਲਈ ਕਿੰਨੇ ਇੱਛਕ ਸਨ। ਰਾਜਸਥਾਨ-ਯੂਨੀਅਨ ਦਾ ਉਦਘਾਟਨ ਕਰਨ ਉਹ 30 ਮਾਰਚ, 1949 ਨੂੰ ਜੈਪੁਰ ਜਾ ਰਹੇ ਸਨ। ਰਾਹ ਵਿਚ ਉਨ੍ਹਾਂ ਦੇ ਹਵਾਈ ਜਹਾਜ਼ ਵਿਚ ਕੁਝ ਖ਼ਰਾਬੀ ਪੈਦਾ ਹੋ ਗਈ। ਚਾਲਕ ਹੁਸ਼ਿਆਰ ਸੀ ਉਹਨੇ ਝੱਟ-ਪੱਟ ਜਹਾਜ਼ ਨੂੰ ਜਪੁਰ ਦੇ ਦਰਿਆ ਦੇ ਕੰਢੇ ਦੀ ਰੇਤਲੀ ਜ਼ਮੀਨ ਤੇ ਉਤਾਰ ਲਿਆ। ਉਨ੍ਹਾਂ ਦੇ ਸੁਰੱਖਿਅਤ ਜੈਪੁਰ ਪਹੁੰਚਣ ਤੇ ਜਦੋਂ ਸ੍ਰੀ ਮੈਨਨ ਭਾਵੁਕ ਹੋ ਕੇ ਉਨ੍ਹਾਂ ਨਾਲ ਲਿਪਟ ਗਏ ਤਾਂ ਪਿਆਰ-ਭਰੀ ਆਵਾਜ਼ ਵਿਚ ਪੂਰੇ ਆਤਮ-ਵਿਸ਼ਵਾਸ ਨਾਲ, ਸਾਡੇ ਸਰਦਾਰ ਬੋਲੇ, ''ਤੁਸੀਂ ਨਿਸਚਿੰਤ ਰਹੋ ਮੈਨੂੰ ਕੁਝ ਨਹੀਂ ਹੋਣ ਲਗਾ।''

ਅਰਥਾਤ ਉਨ੍ਹਾਂ ਨੇ ਕਿਹਾ ਕਿ ਜਦੋਂ ਤਕ ਅਖੰਡ ਭਾਰਤ ਦੀ ਕਲਪਨਾ ਪੂਰਾ ਰੂਪ ਨਹੀਂ ਲੈ ਲੈਂਦੀ ਉਨ੍ਹਾਂ ਨੂੰ ਕੁਝ ਨਹੀਂ ਹੋਏਗਾ।

ਮੱਧ-ਭਾਰਤ ਦੇ ਰਾਜੇ ਪਹਿਲਾਂ ਹੀ ਜੁੜ ਚੁੱਕੇ ਸਨ। ਹੁਣ ਰਾਜਸਥਾਨ ਵੀ ਸੰਘ ਵਿਚ ਆ ਗਿਆ। ਫੇਰ ਆਏ ਹਿਮਾਚਲ ਅਤੇ ਪੰਜਾਬ ਦੇ ਰਾਜੇ 11 ਜੁਲਾਈ, 1949 ਨੂੰ ਟ੍ਰਾਵਨਕੋਰ-ਕੋਚੀਨ ਦੇ ਸੰਯੁਕਤ ਰਾਜ ਦੀ ਸਥਾਪਨਾ ਹੋਈ। ਮੈਸੂਰ ਦੇ ਮਹਾਰਾਜ ਨੇ ਤਾਂ ਬੜੀ ਖ਼ੁਸ਼ੀ ਨਾਲ ਆਪਣੇ ਰਾਜ ਨੂੰ ਭਾਰਤ ਨਾਲ ਮਿਲਾ ਲਿਆ ਸੀ। ਹੋਰ ਰਾਜਿਆਂ ਵਾਂਗ ਉਨ੍ਹਾਂ ਨੇ ਆਪਣੇ ਪਰਿਵੀ-ਪਰਸ ਤਕ ਦੀ ਵੀ ਚਰਚਾ ਨਹੀਂ ਕੀਤੀ ਸੀ ਪਰ ਸਰਦਾਰ ਕਿਵੇਂ ਭੁਲ ਸਕਦੇ ਸਨ। ਉਹ ਬੀਮਾਰੀ ਦੇ ਬਿਸਤਰੇ ਤੇ ਸਨ।

ਵਿਚ ਬਦਲ ਦਿਤਾ। ਇਹਦੀ ਚਰਚਾ ਕਰਦੇ ਹੋਏ ਨਹਿਰੂ ਜੀ ਨੇ ਸੰਵਿਧਾਨ ਸਭਾ ਵਿਚ ਕਿਹਾ ਸੀ, "ਛੇ ਮਹੀਨੇ ਪਹਿਲਾਂ ਮੈਂ ਵੀ ਨਹੀਂ ਕਹਿ ਸਕਦਾ ਸਾਂ ਕਿ ਜਿਹੜੀ ਅੱਜ ਸੈਂਕੜੇ ਸਾਲ ਪੁਰਾਣੀ ਰਜਵਾੜਾ-ਸ਼ਾਹੀ ਉੱਖੜ ਰਹੀ ਹੈ ਉਹ ਏਨੀ ਸੌਖ ਨਾਲ ਉੱਖੜ ਜਾਏਗੀ। ਇਸ ਟੇਢੀ ਅਤੇ ਕਠਨ ਸਥਿਤੀ ਨੂੰ ਨਜਿੱਠਣ ਦੇ ਵਿਸ਼ੇ ਵਿਚ ਸਾਡੇ ਉਤੇ ਮੇਰੇ ਮਿੱਤਰ ਅਤੇ ਸਹਿਯੋਗੀ ਉੱਪ-ਪ੍ਰਧਾਨ ਮੰਤਰੀ (ਸਰਦਾਰ ਸਾਹਿਬ) ਦਾ ਭਾਰ ਹੈ। ਪਾਕਿਸਤਾਨ ਬਣਨ ਮਗਰੋਂ ਭਾਰਤ ਨੂੰ ਵਿਸ਼ਾਲ ਭਾਰਤ ਬਣਾਉਣ ਵਿਚ ਸਰਦਾਰ ਪਟੇਲ ਦਾ ਯੋਗਦਾਨ ਇਤਿਹਾਸ ਵਿਚ ਯਾਦ ਕੀਤਾ ਹੀ ਜਾਏਗਾ।"

ਸੱਚਮੁੱਚ ਇਹ ਇਕ ਅਜਿਹੀ ਸਫ਼ਲਤਾ ਹੈ ਜਿਸਦਾ ਮੁੱਲ ਅੰਕਣ ਸਮੇਂ ਭਾਵੀ ਇਤਿਹਾਸਕਾਰ ਉਨ੍ਹਾਂ ਦੇ ਇਸ ਕੰਮ ਨੂੰ ਸੁਤੰਤਰਤਾ ਪ੍ਰਾਪਤੀ ਤੋਂ ਵੀ ਵਧੇਰੇ ਮਹੱਤਵਪੂਰਣ ਮੰਨਣਗੇ। ਕਿਉਂਕਿ ਇਸ ਨੇ ਇਤਿਹਾਸ ਦੇ ਵਹਿਣ ਨੂੰ ਹੀ ਮੋੜ ਦਿਤਾ ਸੀ।

ਅਲਵਰ ਦੇ ਰਾਜੇ ਨੇ ਇਸ ਇਤਿਹਾਸਕ ਘਟਨਾ ਦੇ ਪੰਜ ਵਰ੍ਹੇ ਮਗਰੋਂ ਕਿਹਾ ਸੀ, "ਪਹਿਲਾਂ ਤਾਂ ਅਸੀਂ ਉਨ੍ਹਾਂ ਤੋਂ ਡਰਦੇ ਸਾਂ। ਸਾਨੂੰ ਅਜਿਹਾ ਲਗਦਾ ਸੀ ਕਿ ਜੇਕਰ ਸਾਡੇ ਮਨ ਦੁਖਾ ਕੇ ਸੱਤਾ ਦੇ ਜ਼ੋਰ ਤੇ ਸਾਨੂੰ ਸਤਾਉਣਗੇ ਤਾਂ ਲਾਰਡ ਡਲਹੌਜ਼ੀ ਦੀ ਨੀਤੀ ਤੋਂ 1857 ਵਰਗੀ ਬਗ਼ਾਵਤ ਹੋਈ ਸੀ ਉਹੋ ਜਿਹੀ ਹੀ ਬਗ਼ਾਵਤ ਭਾਰਤੀ ਸਰਕਾਰ ਦੇ ਵਿਰੁੱਧ ਭਾਰਤੀ ਰਾਜੇ ਕਰ ਦੇਣਗੇ ਪਰੰਤੂ ਸਰਦਾਰ ਸਾਹਿਬ ਨੇ ਸੱਤਾ ਦਾ ਚੱਕਰ ਨਹੀਂ ਚਲਾਇਆ। ਉਨ੍ਹਾਂ ਨੇ ਪ੍ਰੇਮ ਦੀ ਗੰਗਾ ਸਾਡੇ ਜੀਵਨ ਵਿਚ ਵਗਾਈ। ਸਾਨੂੰ ਆਪਣਾ ਸੱਚਾ ਸੁਆਰਥ ਸਮਝਾਇਆ। ਮਾਤਾ ਅਤੇ ਪਿਤਾ ਜਿਸ ਪ੍ਰਕਾਰ ਆਪਣੇ ਬੱਚੇ ਨੂੰ ਸੰਤੁਸ਼ਟ ਕਰਦੇ ਹਨ। ਉਸੇ ਤਰ੍ਹਾਂ ਉਨ੍ਹਾਂ ਨੇ ਸਾਨੂੰ ਸੰਤੁਸ਼ਟ ਕੀਤਾ।"

ਆਪਣੀ ਹਾਰ ਪ੍ਰਵਾਨ ਕਰਦੇ ਹੋਏ ਭੋਪਾਲ ਦੇ ਨਵਾਬ ਨੇ ਉਨ੍ਹਾਂ ਨੂੰ ਲਿਖਿਆ ਸੀ : ਜਿਥੇ ਤਕ ਭਾਰਤ ਸਰਕਾਰ ਨਾਲ ਮਿਲ ਜਾਣ ਦੇ ਸੰਬੰਧ ਵਿਚ ਮੇਰੀ ਲੜਾਈ ਸੀ ਮੈਂ ਆਪਣੇ ਰਾਜ ਦੀ ਸੁਤੰਤਰਤਾ ਅਤੇ ਖ਼ੁਦ-ਮੁਖਤਿਆਰੀ ਦੀ ਰੱਖਿਆ ਲਈ ਆਪਣੀ ਤਾਕਤ ਤੇ ਵਿਤ ਅਨੁਸਾਰ ਪੂਰੀ ਕੋਸ਼ਿਸ਼ ਕੀਤੀ ਹੈ, ਇਸ ਤੱਥ ਮੈਂ ਤੁਹਾਡੇ ਕੋਲੋਂ ਲੁਕਾਉਣਾ ਨਹੀਂ ਚਾਹੁੰਦਾ ਪਰੰਤੂ ਮੈਂ ਆਪਣੀ ਹਾਰ ਪ੍ਰਵਾਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਹੁਣ ਤੁਸੀਂ ਮਹਿਸੂਸ ਕਰੋਗੇ ਕਿ ਮੈਂ ਤੁਹਾਡਾ ਉਨਾਂ ਹੀ ਨਜ਼ਦੀਕੀ ਅਤੇ ਵਫ਼ਾਦਾਰ ਮਿੱਤਰ ਹਾਂ ਜਿੰਨਾਂ ਪਹਿਲਾਂ ਘੋਰ ਵਿਰੋਧੀ ਸੀ। ਮੈਂ ਆਪਣੇ ਦਿਲ ਵਿਚ ਕਿਸੇ ਲਈ ਬੁਰੀ ਭਾਵਨਾ ਨਹੀਂ ਰਖਦਾ ਕਿਉਂਕਿ ਤੁਸੀਂ ਅਤੇ ਤੁਹਾਡੀ ਧਿਰ ਦੇ ਲੋਕਾਂ ਨੇ ਸ਼ੁਰੂ ਤੋਂ ਹੀ ਮੇਰੇ ਨਾਲ ਆਦਰਪੂਰਣ ਤੇ ਪਿਆਰ-ਭਰਿਆ ਸਲੂਕ ਕੀਤਾ ਹੈ। ਹੁਣ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਦੇਸ਼ ਦੇ ਵਿਰੋਧੀ ਅਤੇ ਫੁੱਟ ਪਾਉਣ ਵਾਲੇ ਅੰਸਰਾਂ ਨੂੰ ਕੁਚਲਣ ਵਿਚ ਤੁਹਾਡਾ ਵਿਹਾਰ ਦ੍ਰਿੜ ਤੇ ਯਕੀਨੀ ਰਹੇਗਾ ਅਤੇ ਜਦੋਂ ਤਕ

ਦੇਸੀ ਰਾਜਾਂ ਦੇ ਮਿੱਤਰ ਦੇ ਰੂਪ ਵਿਚ ਤੁਹਾਡਾ ਸਲੂਕ ਅਨੁਕੂਲ ਰਹੇਗਾ ਤਦ ਤਕ ਮੈਂ ਤੁਹਾਡਾ ਵਫ਼ਾਦਾਰ ਅਤੇ ਵਿਸ਼ਵਾਸ-ਪੂਰਨ ਮਿੱਤਰ ਬਣ ਕੇ ਰਹਾਂਗਾ।

ਸਰਦਾਰ ਸਾਹਿਬ ਨੇ ਸਿਰਫ਼ ਦੇਸੀ ਰਾਜਾਂ ਦੀ ਸਮੱਸਿਆ ਹੀ ਹੱਲ ਨਹੀਂ ਕੀਤੀ, ਇਕ ਹੋਰ ਸਮੱਸਿਆ ਵੀ ਸੁਲਝਾਈ। ਸਿਵਲ ਸਰਵਸ ਦੇ ਅੰਗਰੇਜ਼ ਅਧਿਕਾਰੀਆਂ ਉਤੇ ਭਾਰਤ ਦੇ ਨੇਤਾਵਾਂ ਨੂੰ ਵਿਸ਼ਵਾਸ ਨਹੀਂ ਸੀ ਅਤੇ ਅਧਿਕਾਰੀ ਸਮਝਦੇ ਸਨ ਕਿ ਉਨ੍ਹਾਂ ਤੋਂ ਬਿਨਾਂ ਸੁਤੰਤਰ ਭਾਰਤ ਦੇ ਰਾਜ-ਪ੍ਰਬੰਧਕਾਂ ਦਾ ਕੰਮ ਨਹੀਂ ਚਲੇਗਾ। ਉਨ੍ਹਾਂ ਨੇ ਇਥੇ ਰਹਿਣ ਲਈ ਦੋ ਸ਼ਰਤਾਂ ਰੱਖੀਆਂ। ਅੰਗਰੇਜ਼ ਸਰਕਾਰ ਵਲੋਂ ਉਨ੍ਹਾਂ ਨੂੰ ਇਹ ਹੱਕ ਦਿਤਾ ਗਿਆ ਕਿ ਇਕ ਨਿਸ਼ਚਤ ਸੀਮਾ ਮਗਰੋਂ ਉਹ ਤਨਖ਼ਾਹ ਸਮੇਤ ਛੁੱਟੀ ਲੈ ਕੇ ਇੰਗਲੈਂਡ ਜਾ ਸਕਦੇ ਹਨ। ਭਾਰਤ ਸਰਕਾਰ ਉਨ੍ਹਾਂ ਦਾ ਇਹ ਹੱਕ ਕਾਇਮ ਰਖੇ ਅਤੇ ਉਹ ਅੰਗਰੇਜ਼ ਸ਼ਹਿਰੀਆਂ ਦੇ ਰੂਪ ਵਿਚ ਹੀ ਭਾਰਤ ਵਿਚ ਰਹਿਣਗੇ।

ਸਰਦਾਰ ਸਾਹਿਬ ਤਾਂ ਚਾਹੁੰਦੇ ਹੀ ਸਨ ਕਿ ਉਹ ਚਲੇ ਜਾਣ। ਇਹ ਸੁਨਹਿਰੀ ਮੌਕਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਮੰਗਾਂ ਕਿਸੇ ਤਰ੍ਹਾਂ ਵੀ ਮਨਜ਼ੂਰ ਨਹੀਂ ਕੀਤੀਆਂ ਜਾ ਸਕਦੀਆਂ। ਤਦ ਉਹ ਅਫ਼ਸਰ ਆਪਣੇ ਆਪ ਹੀ ਚਲੇ ਗਏ।

ਉਨ੍ਹਾਂ ਦੇ ਨਿੱਜੀ ਸਕੱਤਰ ਸ੍ਰੀ ਵੀ. ਸ਼ੰਕਰ ਦੇ ਸ਼ਬਦਾਂ ਵਿਚ ਕਹੀਏ ਤਾਂ—

ਸਰਦਾਰ 71 ਵਰ੍ਹੇ ਦੇ ਸਨ, ਜਦੋਂ ਉਹ ਅੰਦਰੂਨੀ ਸਰਕਾਰ ਦੇ ਗ੍ਰਹਿ ਅਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਦੇ ਰੂਪ ਵਿਚ ਆਏ। ਉਹ 72 ਵਰ੍ਹਿਆਂ ਦੇ ਸਨ, ਜਦੋਂ ਉਪ-ਪ੍ਰਧਾਨ ਮੰਤਰੀ ਦੀ ਪਦਵੀ ਦੇ ਕੰਮਾਂ ਦੇ ਨਾਲ-ਨਾਲ ਉਨ੍ਹਾਂ ਨੇ ਦੇਸ਼ ਦੀ ਵੰਡ ਦੀਆਂ ਸਮੱਸਿਆਵਾਂ ਨਾਲ ਜੂਝਣਾ ਸ਼ੁਰੂ ਕੀਤਾ ਅਤੇ ਰਿਆਸਤਾਂ ਦਾ ਭਾਰ ਵੀ ਉਨ੍ਹਾਂ ਤੇ ਹੀ ਸੌਂਪਿਆ ਗਿਆ। ਉਨ੍ਹਾਂ ਦੀ ਜ਼ਿੰਦਗੀ ਦੇ 73, 74 ਅਤੇ 75ਵੇਂ ਵਰ੍ਹੇ ਦੇਸ਼ ਦੇ ਟੋਟਿਆਂ ਨੂੰ ਇਕ ਲੜੀ ਵਿਚ ਪਰੋਣ, ਦੇਸ਼ ਦੇ ਰਾਜ-ਪ੍ਰਬੰਧ ਅਤੇ ਸੰਗਠਨ ਦੇ ਤਾਣੇ-ਬਾਣੇ ਨੂੰ ਪੂਰਾ ਕਰਨ, ਦੇਸ਼ ਵਿਚ ਸ਼ਾਂਤੀ ਕਾਇਮ ਕਰਨ, ਦੇਸ਼ ਦੇ ਭਵਿੱਖ ਦੀ ਬਨਾਵਟ ਦੀ ਨੀਂਹ ਰਖਣ ਅਤੇ ਪ੍ਰਬੰਧਕ, ਕਾਨੂੰਨੀ ਅਤੇ ਆਰਥਕ ਵਿਵਸਥਾ ਨੂੰ ਨਵਾਂ ਰੂਪ ਦੇਣ ਅਤੇ ਦੇਸ਼ ਦੇ ਸੰਵਿਧਾਨ ਨੂੰ ਲੋਕ-ਰਾਜੀ ਆਧਾਰ ਤੇ ਉਸਾਰਨ ਲਈ ਵਾਰੀ-ਵਾਰੀ ਜੁੱਟਦੇ ਗਏ। ਇਸੇ ਸਮੇਂ ਉਹ 500 ਤੋਂ ਉਤੇ ਫੁਟਕਲ ਰਿਆਸਤਾਂ ਨੂੰ ਇਕ ਸੰਵਿਧਾਨ ਹੇਠ ਲਿਆਉਣ ਵਿਚ ਸਫ਼ਲ ਹੋਏ। ਇਤਿਹਾਸ ਵਿਚ ਸ਼ਾਇਦ ਹੀ ਕੋਈ ਅਜਿਹੀ ਮਿਸਾਲ ਮਿਲੇ, ਜਦੋਂ ਕਿਸੇ ਰਾਜਸੀ ਨੇਤਾ ਜਾਂ ਰਾਸ਼ਟਰ-ਨਿਰਮਾਤਾ ਨੂੰ ਸੱਤਰ ਵਰ੍ਹੇ ਦਾ ਹੋਣ ਤੇ ਆਪਣੇ ਜੀਵਨ ਦੇ ਅਖ਼ੀਰੀ ਤਿੰਨ-ਚਾਰ ਵਰ੍ਹਿਆਂ ਵਿਚ ਏਨੀਆਂ ਵੱਡੀਆਂ ਸਫ਼ਲਤਾਵਾਂ ਮਿਲੀਆਂ ਹੋਣ ਅਤੇ ਉਹਦੀ ਜ਼ਿੰਦਗੀ ਮਹਾਨ ਕੰਮਾਂ ਨਾਲ ਭਰਪੂਰ ਰਹੀ ਹੋਏ ਅਤੇ ਜੇਕਰ ਇਸ ਨਾਲ ਇਹ ਗੱਲ ਵੀ ਜੋੜ ਦਿਤੀ ਜਾਏ ਕਿ ਇਨ੍ਹਾਂ ਸਾਲਾਂ ਵਿਚ ਉਨ੍ਹਾਂ ਨੂੰ ਦਿਲ ਦੀ ਬੀਮਾਰੀ ਵੀ ਘੇਰ ਚੁੱਕੀ ਸੀ ਅਤੇ ਉਨ੍ਹਾਂ ਦੇ ਪੇਟ ਦੀ ਬਿਮਾਰੀ ਵੀ ਭਿਆਨਕ ਹੋ ਚਲੀ ਸੀ ਤਾਂ ਉਨ੍ਹਾਂ ਦੇ ਜੀਵਨ ਦੇ ਚਾਰ ਵਰ੍ਹਿਆਂ ਦੀ ਚਰਚਾ ਕਰਨ ਤੇ ਅਸੀਂ ਹੈਰਾਨ ਹੋ ਜਾਂਦੇ ਹਾਂ।

ਹਰੀ ਸੰਭਾਲਣਾ ਜੀ

ਸਰਦਾਰ ਪਟੇਲ ਦੇ ਕਠੋਰ ਢਾਂਚੇ ਵਿਚ ਲੋਹੇ ਵਰਗੀ ਇਕੱਤਰਿਤ ਤਾਕਤ, ਚਾਣਕਿਆ ਵਰਗੀ ਰਾਜਨੀਤੀ. ਵਿਚ ਮੁਹਾਰਤ ਅਤੇ ਏਕਤਾ ਦੇ ਲਈ ਅਬਰਾਹਮ ਲਿੰਕਨ ਵਰਗਾ ਅਟੁੱਟ ਪਿਆਰ ਸ਼ਾਮਲ ਸੀ। ਵਿਸ਼ੇ ਦੀ ਪਕੜ ਉਨ੍ਹਾਂ ਦੀ ਹੈਰਾਨੀਜਨਕ ਸੀ। ਉਨ੍ਹਾਂ ਲਈ ਕੋਈ ਅਜਿਹੀ ਸਮੱਸਿਆ ਨਹੀਂ ਸੀ ਜਿਸ ਨੂੰ ਉਹ ਸੁਲਝਾ-ਸਮਝ ਨਾ ਸਕਦੇ ਹੋਣ। ਉਹ ਚਟਾਨ ਵਾਂਗ ਅਟੱਲ ਰਹਿ ਸਕਦੇ ਸਨ ਤਾਂ ਆਪਣੀਆਂ ਗੱਲਾਂ ਨਾਲ ਮੁਕਤ ਹਾਸਾ ਵੀ ਗੁੰਜਾ ਸਕਦੇ ਸਨ।

ਉਹ ਬਹੁਤ ਥੋੜ੍ਹੇ ਸ਼ਬਦਾਂ ਦੀ ਵਰਤੋਂ ਕਰਦੇ ਸਨ ਪਰ ਉਹ ਹੁੰਦੇ ਸਨ ਬੜੇ ਅਰਥ-ਭਰਪੂਰ। ਕੁਨੀਨ ਤੇ ਮਿੱਠਾ ਲਾਉਣਾ ਉਨ੍ਹਾਂ ਨੂੰ ਨਹੀਂ ਆਉਂਦਾ ਸੀ। ਅਜਿਹੇ ਵਿਅਕਤੀ ਇਮਾਨਦਾਰ ਅਤੇ ਸੱਚ ਦੇ ਪ੍ਰੇਮੀ ਹੁੰਦੇ ਹਨ ਪਰ ਉਨ੍ਹਾਂ ਦੀ ਇਮਾਨਦਾਰੀ ਕਠੋਰਤਾ ਭਰੀ ਅਤੇ ਸੱਚ ਦਾ ਪਿਆਰ ਕੁੜੱਤਣ ਭਰਪੂਰ ਹੋ ਜਾਂਦਾ ਹੈ।

ਇਕ ਵਾਰ ਲਾਰਡ ਸੈਂਕੀ ਨੇ ਆਪਣੇ ਇਕ ਲੇਖ ਵਿਚ ਗਾਂਧੀ ਜੀ ਦੇ ਬਾਰੇ ਫ਼ਜ਼ੂਲ ਗੱਲਾਂ ਲਿਖ ਦਿੱਤੀਆਂ। ਉਹਦੇ ਜੁਆਬ ਵਿਚ ਗਾਂਧੀ ਜੀ ਨੇ ਇਕ ਲੰਮੀ ਚਿੱਠੀ ਲਿਖਵਾਈ। ਉਸ ਸਮੇਂ ਸਾਡੇ ਸਰਦਾਰ ਕੋਲ ਹੀ ਬੈਠੇ ਸਨ। ਕਹਿਣ ਲੱਗੇ, "ਏਨਾ ਲਿਖ ਰਹੇ ਹੋ। ਇਹਦੇ ਬਜਾਏ ਇਹ ਲਿਖੋ ਕਿ ਤੂੰ ਬਿਲਕੁਲ ਝੂਠਾ ਹੈਂ।"

ਉਹ ਗਾਂਧੀ ਜੀ ਦੇ ਅੰਨ੍ਹੇ ਭਗਤ ਕਹੇ ਜਾਂਦੇ ਸਨ ਪਰੰਤੂ ਮੌਕਾ ਆਉਣ ਤੇ ਉਨ੍ਹਾਂ ਨੇ ਗਾਂਧੀ ਜੀ ਤੋਂ ਵੀ ਆਪਣੇ ਮੱਤਭੇਦ ਨੂੰ ਲੁਕਾਇਆ ਨਹੀਂ। ਇਥੋਂ ਤਕ ਕਿ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਭਾਰਤ ਦੀ ਵੰਡ ਨੂੰ ਪ੍ਰਵਾਨ ਕਰਨ ਤੋਂ ਵੀ ਉਹ ਨਾ ਥਿੜਕੇ। ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਜਿਹੋ ਜਿਹੇ ਹਾਲਾਤ ਹਨ ਉਸ ਵਿਚ ਸਮੱਸਿਆ ਦਾ ਸਰਬੋਤਮ ਹੱਲ ਇਹੀ ਹੈ। ਹਾਂ ਜੇਕਰ ਗਾਂਧੀ ਜੀ ਉਨ੍ਹਾਂ ਨੂੰ ਕਹਿੰਦੇ, "ਮੇਰੇ ਸਿਧਾਂਤਾਂ ਦੇ ਅਨੁਸਾਰ ਦੇਸ਼ ਦਾ ਰਾਜ-ਪ੍ਰਬੰਧ ਨਾ ਚਲਾ ਸਕੇ ਤਾਂ ਸਰਕਾਰ ਤੋਂ ਵੱਖ ਹੋ ਜ ਓ। ਤਾਂ ਉਹ ਇਕ ਪਲ ਵੀ ਉਥੇ ਨਾ ਰੁਕਦੇ ਪਰ ਗਾਂਧੀ ਜੀ ਤਾਂ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਦੇ ਸਨ, ਇਸ ਲਈ ਵਿਚਾਰ ਭੇਦ ਹੁੰਦੇ ਹੋਏ ਵੀ ਦੋਵਾਂ ਦੇ ਪਿਆਰ ਵਿਚ ਕਦੇ ਘਾਟ ਨਾ ਆਈ।

ਉਨ੍ਹਾਂ ਤੇ ਇਹ ਦੋਸ਼ ਵੀ ਲਾਇਆ ਜਾਂਦਾ ਰਿਹਾ ਹੈ ਕਿ ਉਹ ਹਿੰਦੂ ਰਾਸ਼ਟਰਵਾਦੀ ਸਨ ਅਤੇ ਮੁਸਲਮਾਨਾਂ ਦੇ ਲਈ ਵਿਰਕੂ ਦ੍ਰਿਸ਼ਟੀਕੋਣ ਰਖਦੇ ਸਨ, ਪਰੰਤੂ ਉਨ੍ਹਾਂ ਨੇ ਹੀ

ਹਿੰਦੂਆਂ ਨੂੰ ਕਿਹਾ ਸੀ, "ਕੁਝ ਲੋਕ ਇਸ ਸਮੇਂ ਗਾਂ-ਰੱਖਿਆ ਦੀ ਗੱਲ ਕਰਨ ਲਗੇ ਹਨ। ਅਜੇ ਤਾਂ ਬੱਚਿਆਂ, ਇਸਤ੍ਰੀਆਂ ਅਤੇ ਬੁੱਢਿਆਂ ਦੀ ਰੱਖਿਆ ਹੀ ਨਹੀਂ ਹੁੰਦੀ, ਗਾਂ-ਰੱਖਿਆ ਦੀ ਤਾਂ ਗੱਲ ਹੀ ਕਿਥੇ ? ਜਿਨ੍ਹਾਂ ਮੁਲਕਾਂ ਵਿਚ ਗਾਂਵਾਂ ਦੀ ਹੱਤਿਆ ਕਰਨ ਦੀ ਮਨਾਹੀ ਨਹੀਂ ਉਥੇ ਜਿਹੋ ਜਿਹੀਆਂ ਰਿਸ਼ਟ-ਪੁਸ਼ਟ ਗਾਵਾਂ ਹੁੰਦੀਆਂ ਹਨ ਉਹੋ ਜਿਹੀਆਂ ਇਥੇ ਨਹੀਂ ਹੁੰਦੀਆਂ ਸੱਚ ਮੁੱਚ ਗਾਂ-ਰਖਿਆ ਕਰਨੀ ਹੋਏ ਤਾਂ ਗਾਂਵਾਂ ਨੂੰ ਚੰਗੀ ਤਰ੍ਹਾਂ ਪਾਲਣਾ ਸਿਖੋ।"

ਉਨ੍ਹਾਂ ਨੂੰ ਹਿੰਦੂ-ਮੁਸਲਮ ਏਕਤਾ ਜਾਨ ਤੋਂ ਵੱਧ ਪਿਆਰੀ ਸੀ। ਉਨ੍ਹਾਂ ਨੇ ਆਪਣੇ ਢੰਗ ਨਾਲ ਲੱਖਾਂ ਮੁਸਲਮਾਨਾਂ ਦੀਆਂ ਜਾਨਾਂ ਦੀ ਰਖਿਆ ਕੀਤੀ ਸੀ ਪਰੰਤੂ ਉਹ ਇਹ ਕਹਿਣ ਤੋਂ ਵੀ ਨਹੀਂ ਡਰਦੇ ਸਨ, "ਜਿਨ੍ਹਾਂ ਮੁਸਲਮਾਨਾਂ ਨੇ ਭਾਰਤ ਦੇ ਸ਼ਹਿਰੀ ਦੇ ਰੂਪ ਵਿਚ ਰਖਿਆ ਪ੍ਰਾਪਤ ਕਰਕੇ ਪਾਕਿਸਤਾਨ ਲਈ ਵਫ਼ਾਦਾਰੀ ਰਖਣੀ ਹੋਏ ਉਹ ਜ਼ਰੂਰ ਪਾਕਿਸਤਾਨ ਜਾ ਸਕਦੇ ਹਨ। ਉਥੇ ਜਾਣ ਵਿਚ ਹੀ ਉਨ੍ਹਾਂ ਦਾ ਭਲਾ ਹੈ।"

ਉਨ੍ਹਾਂ ਦਾ ਇਹੀ ਪੱਖ ਬਹੁਤ ਸਾਰੇ ਲੋਕਾਂ ਨੂੰ ਚੁੱਭਦਾ ਸੀ ਅਤੇ ਉਹ ਵਾਰ ਵਾਰ ਗਾਂਧੀ ਜੀ ਅਤੇ ਨਹਿਰੂ ਜੀ ਨੂੰ ਸ਼ਿਕਾਇਤ ਕਰਦੇ ਰਹਿੰਦੇ ਸਨ। ਗਾਂਧੀ ਜੀ ਵਾਰ ਵਾਰ ਇਸ ਝੂਠੇ ਪ੍ਰਚਾਰ ਦਾ ਵਿਰੋਧ ਕਰਦੇ ਸਨ। ਕਹਿੰਦੇ ਸਨ, "ਵੱਲਭ ਭਾਈ ਨਾ ਤਾਂ ਪਹਿਲਾਂ ਕਦੇ ਕੋਮਵਾਦੀ ਸਨ ਨਾ ਅਜ ਹਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਅਜਿਹਾ ਵਿਹਾਰ ਕਦੇ ਨਹੀਂ ਕਰਨਗੇ ਜਿਸ ਨਾਲ ਮੁਸਲਮਾਨਾਂ ਨਾਲ ਅਨਿਆਂ ਹੋਏ।"

ਉਨ੍ਹਾਂ ਨੇ ਕੀਤਾ ਵੀ ਨਹੀਂ ਪਰੰਤੂ ਉਨ੍ਹਾਂ ਦੇ ਅਤੇ ਜਵਾਹਰ ਲਾਲ ਜੀ ਦੇ ਵਿਚਕਾਰ ਜਿਹੜੇ ਮਤਭੇਦ ਸਨ ਉਹ ਵਧੇਰੇ ਠੋਸ ਸਨ। ਉਹਦਾ ਕਾਰਣ ਸੀ ਉਨ੍ਹਾਂ ਦੇ ਸੁਭਾ ਦਾ ਵੱਖਰੇਵਾਂ। ਜਵਾਹਰ ਲਾਲ ਜੀ ਭਾਵਨਾ ਪ੍ਰਧਾਨ ਸਨ। ਉਨ੍ਹਾਂ ਦੇ ਚਿੰਤਨ ਤੇ ਪੱਛਮ ਦਾ ਪ੍ਰਭਾਵ ਵਧੇਰੇ ਸੀ। ਸਰਦਾਰ ਸਪੱਸ਼ਟਵਾਦੀ ਸਨ ਅਤੇ ਇਸ ਦੇਸ਼ ਦੀ ਆਮ ਜਨਤਾ ਵਾਂਗ ਸੋਚਦੇ ਸਨ। ਨਹਿਰੂ ਜੀ ਇਸ ਦੇਸ਼ ਦੇ ਸੁਆਲਾਂ ਤੇ ਵੀ ਅੰਤਰ-ਰਾਸ਼ਟਰੀ ਹਾਲਤ ਨੂੰ ਧਿਆਨ ਵਿਚ ਰਖਕੇ ਵਿਚਾਰ ਕਰਦੇ ਸਨ। ਸਰਦਾਰ ਪਹਿਲਾਂ ਆਪਣੇ ਘਰ ਦੀ ਗੱਲ ਸੋਚਦੇ ਸਨ। ਇਸ ਲਈ ਦੋਵੇਂ ਬਹੁਤ ਸਾਰੀਆਂ ਗੱਲਾਂ ਤੇ ਇਕਮੱਤ ਨਹੀਂ ਹੋ ਸਕਦੇ ਸਨ।

ਦੋਵੇਂ ਆਪਣੇ ਦੇਸ਼ ਨੂੰ, ਦੇਸ਼ ਦੀ ਸੁਤੰਤਰਤਾ ਨੂੰ ਬੇਹੱਦ ਪਿਆਰ ਕਰਦੇ ਸਨ। ਇਕ ਦੂਜੇ ਦਾ ਆਦਰ ਕਰਨਾ ਵੀ ਉਨ੍ਹਾਂ ਨੂੰ ਬਹੁਤ ਆਉਂਦਾ ਸੀ ਪਰ ਸੁਆਰਥੀ ਅਤੇ ਈਰਖਾ ਵਾਲੇ ਵਿਅਕਤੀ ਸਦਾ ਇਸ ਗੱਲ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ ਕਿ ਦੋਵਾਂ ਦੇ ਵਿਚਲੀ ਖਾਈ ਵੱਧਦੀ ਰਹੇ। ਇਕ ਸਮੇਂ ਤਾਂ ਹਾਲਤ ਏਨੀ ਗੰਭੀਰਤਾਰ ਹੋ ਗਈ ਕਿ ਸਰਦਾਰ ਮੰਤਰੀ ਮੰਡਲ ਤੋਂ ਵੱਖ ਹੋਣ ਲਈ ਤਿਆਰ ਹੋ ਗਏ। ਉਨ੍ਹਾਂ ਨੇ

ਭਰੇ ਦਿਲ ਨਾਲ ਗਾਂਧੀ ਜੀ ਨੂੰ ਲਿਖਿਆ, ''ਇਨ੍ਹਾਂ ਹਾਲਤਾਂ ਵਿਚ ਤੁਸੀਂ ਮੈਨੂੰ ਸਰਕਾਰ ਤੋਂ ਵੱਖ ਹੋ ਜਾਣ ਦੀ ਇਜ਼ਾਜਤ ਦਿਉ ਤਾਂ ਸ਼ਾਇਦ ਉਸ ਨਾਲ ਦੇਸ਼ ਦਾ ਅਤੇ ਮੇਰਾ ਵੀ ਵਧੇਰੇ ਕਲਿਆਣ ਹੋਏਗਾ। ਹੁਣ ਮੈਂ ਜਿਹੜਾ ਕੰਮ ਜਿਸ ਢੰਗ ਨਾਲ ਕਰ ਰਿਹਾ ਹਾਂ ਉਸ ਤੋਂ ਭਿੰਨ ਢੰਗ ਨਾਲ ਉਹਨੂੰ ਨਹੀਂ ਕਰ ਸਕਾਂਗਾ। ਜੇਕਰ ਮੈਂ ਆਉਣ ਵਾਲੇ ਸਮੇਂ ਵਿਚ ਆਪਣੇ ਸਾਥੀਆਂ ਲਈ ਬੋਝ ਬਣ ਜਾਵਾਂ ਅਤੇ ਤੁਹਾਡੇ ਦਿਲ ਦੀ ਵੇਦਨਾ ਦਾ ਕਾਰਣ ਬਣਨ ਤੇ ਵੀ ਆਪਣੀ ਕੁਰਸੀ ਨਾਲ ਜੁੜਿਆ ਰਹਾਂ, ਤਾਂ ਇਨ੍ਹਾਂ ਦਾ ਅਰਥ ਹੋਏਗਾ—ਅਤੇ ਮੈਨੂੰ ਅਜਿਹਾ ਹੀ ਲਗਦਾ ਹੈ—ਕਿ ਮੈਂ ਸੱਤਾ ਦੀ ਲਾਲਸਾ ਨਾਲ ਅੰਨ੍ਹਾਂ ਹੋ ਗਿਆ ਹਾਂ ਇਸ ਲਈ ਮੈਂ ਆਪਣੀ ਪਦਵੀ ਛੱਡਣੀ ਨਹੀਂ ਚਾਹੁੰਦਾ। ਇਸ ਅਜਿਹਿ ਹਾਲਤ ਤੋਂ ਤੁਹਾਨੂੰ ਮੈਨੂੰ ਜਿੰਨੀ ਜਲਦੀ ਹੋ ਸਕੇ ਮੁਕਤ ਕਰਾਉਣਾ ਚਾਹੀਦਾ ਹੈ।''

ਪਰੰਤੂ ਇਹ ਚਿੱਠੀ ਲਿਖਣ ਤੋਂ ਮਗਰੋਂ ਵੀ ਬੰਬਈ ਵਿਚ ਆਪਣੇ ਭਾਸ਼ਣ ਵਿਚ ਉਨ੍ਹਾਂ ਨੇ ਆਪਣੀ ਖਰੀ ਬੋਲੀ ਵਿਚ ਕਿਹਾ, ''ਤੁਸੀਂ ਹੁਣੇ-ਹੁਣੇ ਇਹ ਨਾਅਰੇ ਸੁਣੇ ਕਿ ਮੁਸਲਮਾਨਾਂ ਨੂੰ ਭਾਰਤ ਤੋਂ ਮਾਰ ਭਜਾਓ। ਜਿਹੜੇ ਲੋਕ ਇਵੇਂ ਕਹਿੰਦੇ ਹਨ, ਉਹ ਗੁਸੇ ਨਾਲ ਪਾਗਲ ਹੋ ਗਏ ਹਨ, ਜਿਹੜਾ ਮਨੁੱਖ ਗੁਸੇ ਦੇ ਕਾਰਣ ਆਪਾ ਗੁਆ ਬੈਠਦਾ ਹੈ ਉਹ ਪਾਗਲ ਤੋਂ ਵੀ ਜ਼ਿਆਦਾ ਬੁਰਾ ਹੈ। ਪਾਗਲ ਆਦਮੀ ਨੂੰ ਤਾਂ ਸਿਆਣਾ ਬਣਾਇਆ ਜਾ ਸਕਦਾ ਹੈ ਪਰੰਤੂ ਗੁਸੇ ਨਾਲ ਆਪਣਾ ਆਪ ਗੁਆ ਦੇਣ ਵਾਲੇ ਨੂੰ ਸਿਆਣਾ ਕਿਵੇਂ ਬਣਾਇਆ ਜਾਵੇ? ਉਹ ਇਹ ਨਹੀਂ ਸਮਝ ਸਕਦੇ ਕਿ ਭਾਰਤ ਵਿਚ ਬਚੇ ਹੋਏ ਮੁੱਠੀ ਭਰ ਮੁਸਲਮਾਨਾਂ ਨੂੰ ਕੱਢ ਦੇਣ ਨਾਲ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਏਗਾ। ਮੈਂ ਸਾਫ ਗੱਲ ਕਹਿਣ ਵਾਲਾ ਆਦਮੀ ਹਾਂ।''

ਤਦੇ ਤਾਂ ਗਾਂਧੀ ਜੀ ਨੇ ਕਿਹਾ ਸੀ, ''ਸਰਦਾਰ ਦਾ, ਪੰ: ਨਹਿਰੂ ਦਾ ਅਤੇ ਮੇਰਾ ਤਿੰਨਾਂ ਦਾ ਦ੍ਰਿਸ਼ਟੀਕੋਣ ਇਕੋ ਜਿਹਾ ਹੈ। ਅਸੀਂ ਸਭ ਇਕ ਹੀ ਨਿਸ਼ਾਨੇ ਲਈ ਕੰਮ ਕਰ ਰਹੇ ਹਾਂ।'' ਉਨ੍ਹਾਂ ਨੇ 30 ਜਨਵਰੀ, 1948 ਨੂੰ, ਜਿਸ ਦਿਨ ਉਨ੍ਹਾਂ ਦਾ ਬਲੀਦਾਨ ਹੋਇਆ, ਸਰਦਾਰ ਨੂੰ ਸਪੱਸ਼ਟ ਕਿਹਾ, ''ਮੈਂ ਇਸ ਨਿਸਚਤ ਅਤੇ ਸਪੱਸ਼ਟ ਫੈਸਲੇ ਤੇ ਪਹੁੰਚਿਆ ਹਾਂ ਕਿ ਕੈਬਨੇਟ ਵਿਚ ਤੁਹਾਡੀਆਂ ਦੋਵਾਂ ਦੀਆਂ ਸੇਵਾਵਾਂ ਜ਼ਰੂਰੀ ਹਨ। ਅਜਿਹੇ ਨਾਜ਼ਕ ਸਮੇਂ ਵਿਚ ਦੋਵਾਂ ਵਿਚੋਂ ਇਕ ਦਾ ਵੱਖ ਹੋਣਾ ਵੀ ਦੇਸ਼ ਦੇ ਲਈ ਭਿਆਨਕ ਸਿੱਧ ਹੋਏਗਾ।''

ਇਹ ਕਹਿਣ ਦੇ ਕੁਝ ਹੀ ਮਿੰਟ ਮਗਰੋਂ ਉਹ ਤਾਂ ਅਮਰ ਹੋ ਗਏ ਪਰ ਸਰਦਾਰ ਸਾਹਬ ਅਤੇ ਨਹਿਰੂ ਜੀ ਨੇ ਉਨ੍ਹਾਂ ਦੀ ਇੱਛਾ ਨੂੰ ਪੂਰਾ ਕਰਨ ਵਿਚ ਕੋਈ ਕਸਰ ਨਾ ਛੱਡੀ। ਮੱਤਭੇਦ ਫੇਰ ਵੀ ਰਹੇ ਪਰ ਉਹ ਉਨ੍ਹਾਂ ਨੂੰ ਨਾਲ-ਨਾਲ ਦੇਸ ਦੀ ਭਲਾਈ ਦੇ ਕੰਮ

ਕਰਨ ਤੋਂ ਨਾ ਰੋਕ ਸਕੇ। ਸਰਦਾਰ ਸਾਹਬ ਹੁਣ ਲਗਾਤਾਰ ਬੀਮਾਰ ਰਹਿਣ ਲਗੇ ਸਨ ਪਰ ਮਿਹਨਤ ਉਸੇ ਤਰ੍ਹਾਂ ਕਰਦੇ ਸਨ ਜਵਾਹਰ ਲਾਲ ਜੀ ਦੇ ਲਈ ਉਨ੍ਹਾਂ ਦਾ ਪਿਆਰ ਉਵੇਂ ਹੀ ਸੀ। 2 ਅਕਤੂਬਰ, 1950 ਨੂੰ ਆਪਣੀ ਮੌਤ ਤੋਂ ਢਾਈ ਮਹੀਨੇ ਪਹਿਲਾਂ ਵੀ ਉਨ੍ਹਾਂ ਕਿਹਾ ਸੀ—

"ਪੰ: ਜਵਾਹਰ ਲਾਲ ਨਹਿਰੂ ਸਾਡੇ ਨੇਤਾ ਹਨ। ਬਾਪੂ ਨੇ ਉਨ੍ਹਾਂ ਨੂੰ ਆਪਣਾ ਜਾਨਸ਼ੀਨ ਨਿਯੁਕਤ ਕੀਤਾ ਹੈ। ਅਤੇ ਇਹਦਾ ਐਲਾਨ ਵੀ ਉਨ੍ਹਾਂ ਨੇ ਕੀਤਾ ਹੈ। ਬਾਪੂ ਦੇ ਸਾਰੇ ਸਿਪਾਹੀਆਂ ਦਾ ਫਰਜ਼ ਹੈ ਕਿ ਉਹ ਜਵਾਹਰ ਲਾਲ ਜੀ ਦੇ ਹੁਕਮ ਦਾ ਪੂਰਾ ਪਾਲਣ ਕਰਨ। ਜਿਹੜੇ ਲੋਕ ਉਨ੍ਹਾਂ ਦੇ ਹੁਕਮ ਦਾ ਦਿਲ ਨਾਲ ਪਾਲਣ ਨਹੀਂ ਕਰਦੇ ਉਹ ਪ੍ਰਮਾਤਮਾ ਦੇ ਅਪਰਾਧੀ ਹਨ। ਮੈਂ ਬੇਵਫ਼ਾ ਸਿਪਾਹੀ ਨਹੀਂ ਹਾਂ। ਮੈਂ ਜਿਸ ਥਾਂ ਤੇ ਹਾਂ ਉਹਦੇ ਬਾਰੇ ਵਿਚ ਮੈਨੂੰ ਕਦੇ ਵਿਚਾਰ ਵੀ ਨਹੀਂ ਆਉਂਦਾ। ਮੈਂ ਤਾਂ ਏਨਾ ਹੀ ਜਾਣਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਜਿਥੇ ਰਖਿਆ ਸੀ ਮੈਂ ਉਥੇ ਹਾਂ।"

ਇਸਦੇ ਮਗਰੋਂ ਕੁਝ ਕਹਿਣ ਲਈ ਨਹੀਂ ਰਹਿ ਜਾਂਦਾ।

ਉਨ੍ਹਾਂ ਦੀ ਸਿਹਤ ਹੁਣ ਹੋਰ ਵੀ ਡਿੱਗ ਗਈ ਸੀ। ਵਾਰ-ਵਾਰ ਦਿਲ ਦੀ ਬਿਮਾਰੀ ਦੇ ਹਮਲੇ ਹੋਣ ਲਗੇ ਸਨ। ਅਰਾਮ ਕਰਨ ਉਹ ਮਸੂਰੀ ਅਤੇ ਡੇਹਰਾਦੂਨ ਵੀ ਗਏ ਪਰ ਕੁਝ ਸੁਧਾਰ ਨਾ ਹੋਇਆ। ਡਾਕਟਰਾਂ ਨੇ ਸਲਾਹ ਦਿੱਤੀ ਕਿ ਉਹ ਬੰਬਈ ਜਾ ਕੇ ਪੂਰੀ ਤਰ੍ਹਾਂ ਅਰਾਮ ਕਰਨ।

ਉਹ 12 ਦਸੰਬਰ, 1950 ਨੂੰ ਬੰਬਈ ਰਵਾਨਾ ਹੋਏ ਜ਼ਰੂਰ ਪਰ ਮੌਤ ਦੀਆਂ ਵਿੜਕਾਂ ਉਨ੍ਹਾਂ ਨੂੰ ਸਪੱਸ਼ਟ ਸੁਣਾਈ ਦੇ ਰਹੀਆਂ ਸਨ। ਜਾਂਦੇ ਸਮੇਂ ਇਕ ਮਿੱਤਰ ਨੂੰ ਉਨ੍ਹਾਂ ਨੇ ਕਿਹਾ ਸੀ, "ਹੁਣ ਮੇਰੇ ਜੀਵਨ ਦਾ ਅੰਤ ਆ ਰਿਹਾ ਹੈ।"

ਅਜਿਹੀ ਅਵਸਥਾ ਵਿਚ ਵੀ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਵਿਭਾਗ ਦੇ ਅਧਿਕਾਰੀਆਂ ਨਾਲ ਇਕ ਘੰਟਾ ਗੱਲਾਂ ਕੀਤੀਆਂ। ਉਨ੍ਹਾਂ ਨੂੰ ਜ਼ਰੂਰੀ ਮਾਰਗ-ਦਰਸ਼ਕ ਆਦੇਸ਼ ਦਿਤੇ। ਉਨ੍ਹਾਂ ਨੂੰ ਵਿਦਾ ਕਰਨ ਲਈ ਹਵਾਈ ਅੱਡੇ ਤੇ ਹੋਰਨਾਂ ਤੋਂ ਇਲਾਵਾ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਅਤੇ ਪ੍ਰਧਾਨ ਮੰਤਰੀ ਨਹਿਰੂ ਵੀ ਆਏ ਸਨ। ਉਸ ਪਿਆਰ ਭਿੱਜੇ ਵਾਤਾਵਰਣ ਵਿਚ ਸਰਦਾਰ ਸਾਹਬ ਦੇ ਅੰਤਿਮ ਸ਼ਬਦ ਸਨ, "ਜਵਾਹਰ ਲਾਲ ਜੀ ਦੇ ਸਿਰ ਤੇ ਬਹੁਤ ਵੱਡਾ ਬੋਝ ਹੈ।"

ਕੌਣ ਜਾਣਦਾ ਸੀ ਕਿ ਇਹ ਵਿਦਾ ਹੀ ਅੰਤਮ ਵਿਦਾ ਹੈ। ਬੰਬਈ ਪਹੁੰਚ ਕੇ ਉਨ੍ਹਾਂ ਦੀ ਪੀੜ ਕੁਝ ਘੱਟ ਹੋਈ ਪਰ ਉਹ ਦੀਵੇ ਦੀ ਅੰਤਮ ਲੋ ਵਾਂਗ ਸੀ। ਦੂਜੇ ਹੀ ਦਿਨ ਉਹ ਬੇਚੈਨ ਹੋ ਉਠੇ। ਉਸ ਬੇਚੈਨੀ ਵਿਚ ਉਨ੍ਹਾਂ ਦੇ ਮੂੰਹੋਂ ਇਹ ਭਜਨ ਨਿਕਲਦਾ ਸੀ,

"ਮੇਰੀ ਲਾਜ ਤੁਹਾਡੇ ਹੱਥ ਹਰੀ ਸੰਭਾਲਣਾ ਜੀ ।"

15 ਦਸੰਬਰ ਦੀ ਰਾਤ ਉਨ੍ਹਾਂ ਤੇ ਫੇਰ ਦਿਲ ਦੀ ਬਿਮਾਰੀ ਦਾ ਹਮਲਾ ਹੋਇਆ । ਉਹ ਮੂਰਛਤ ਹੋ ਗਏ ਅਤੇ ਉਸੇ ਹਾਲਤ ਵਿਚ ਪੰਜਤੱਤਵਾਂ ਵਿਚ ਲੀਨ ਹੋ ਗਏ ।

ਬਿਜਲੀ ਵਾਂਗ ਇਹ ਖਬਰ ਚਾਰੇ ਪਾਸੇ ਫੈਲ ਗਈ। ਰਾਸ਼ਟਰਪਤੀ ਰਜਿੰਦਰ ਪ੍ਰਸਾਦ, ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਦੂਜੇ ਅਨੇਕ ਨੇਤਾ ਫੌਰਨ ਬੰਬਈ ਪਹੁੰਚ ਗਏ । ਆਪਣੇ ਸਾਥੀ ਦੀ ਇਸ ਅੰਤਮ ਵਿਦਾ ਦੇ ਸ਼ੋਕ ਵਿਚ ਡੁੱਬੇ ਨਹਿਰੂ ਜੀ ਫੁੱਟ-ਫੁੱਟ ਕੇ ਰੋ ਪਏ । ਮੱਤਭੇਦਾਂ ਦੇ ਬਾਵਜੂਦ ਸਰਦਾਰ ਤੋਂ ਹੀ ਤਾਂ ਉਨ੍ਹਾਂ ਨੂੰ ਸਭ ਤੋਂ ਵਧੇਰੇ ਤਾਕਤ ਮਿਲਦੀ ਸੀ । ਉਨ੍ਹਾਂ ਨੇ ਕਿਹਾ ਸੀ, "ਸੰਕਟ ਅਤੇ ਜਿੱਤ ਦੇ ਪਲਾਂ ਵਿਚ ਅਸੀਂ ਉਨ੍ਹਾਂ ਦੀ ਮਜ਼ਬੂਤ ਅਵਾਜ਼ ਸੁਣਦੇ ਸਾਂ । ਉਹ ਅਜਿਹੇ ਮਿੱਤਰ ਅਤੇ ਸਹਿਯੋਗੀ ਸਨ ਜਿਨ੍ਹਾਂ ਤੇ ਪੂਰਾ ਭਰੋਸਾ ਕੀਤਾ ਜਾ ਸਕਦਾ ਸੀ । ਉਹ ਅਜਿਹੇ ਤਾਕਤ ਦੇ ਥੰਮ ਸਨ ਜਿਸ ਨਾਲ ਕਮਜ਼ੋਰ ਦਿਲ ਵੀ ਮਜ਼ਬੂਤ ਹੋ ਜਾਂਦੇ ਸਨ ।"

ਉਨ੍ਹਾਂ ਦੀ ਅੰਤਮ ਯਾਤਰਾ ਵੀ ਉਨ੍ਹਾਂ ਦੇ ਅਨੁਰੂਪ ਸੀ । ਰਾਮ ਧੁੰਨ ਅਤੇ ਭਜਨ ਗਾਉਂਦੇ ਹੋਏ ਪੰਜ ਲੱਖ ਦੇਸ਼ ਵਾਸੀ ਉਨ੍ਹਾਂ ਦੀ ਪਵਿਤਰ ਦੇਹ ਦਾ ਅੰਤਮ ਸੰਸਕਾਰ ਕਰਨ ਸ਼ਮਸ਼ਾਨ ਪਹੁੰਚੇ ਸਨ । ਉਸ ਸਮੇਂ ਲੱਖਾਂ ਕੰਠਾਂ ਵਿਚੋਂ ਨਿਕਲੀ ਇਸ ਪਵਿਤਰ ਧੁਨ 'ਰਘੂਪਤਿ ਰਾਘਵ ਰਾਜਾ ਰਾਮ, ਪਤਿਤ ਪਾਵਨ ਸੀਤਾ ਰਾਮ' ਨਾਲ ਵਾਤਾਵਰਣ ਗੂੰਜ ਉਠਿਆ ਸੀ ।

ਨਾ ਜਨਮ ਹੁੰਦਾ ਹੈ, ਨਾ ਮੌਤ ਹੁੰਦੀ ਹੈ, ਆਤਮਾ ਸੱਚ ਦੀਆਂ ਉਚੇਰੀਆਂ ਅਵੱਸਥਾਵਾਂ ਨੂੰ ਢੂੰਡਦੀ ਰਹਿੰਦੀ ਹੈ । ਲੋਹ-ਪੁਰਖ ਸਰਦਾਰ ਵਲੱਭ ਭਾਈ ਪਟੇਲ ਦਾ ਜੀਵਨ ਕਠੋਰ ਕੰਮਾਂ ਰਾਹੀਂ, ਇਸੇ ਸੱਚ ਦੀ ਖੋਜ ਵਿਚ, ਲੰਮੀ ਯਾਤਰਾ ਦਾ ਇਕ ਸ਼ਾਨਦਾਰ ਉਦਾਹਰਣ ਹੈ । ਇਨ੍ਹਾਂ ਵਰਗਿਆਂ ਲਈ ਹੀ ਕਵੀ ਨੇ ਗਾਇਆ ਹੈ :—

ਫਟੇ ਹੋਏ ਮਾਤਾ ਦੇ ਲੀੜੇ ਨੂੰ ਸੀਊਂਣ ਵਾਲੇ,
ਤੈਨੂੰ ਵਧਾਈ ਹੈ ਓ ਪਾਗਲ ਮਰ ਕੇ ਜੀਊਂਣ ਵਾਲੇ ।